@Qpatrika
@qaumipatrika punjabi
instagram.com/qaumipatrika

Largest Circulated

विश्व भर में सबसे ज्यादा पढ़ा जाने वाला

ਕੌਮੀ ਪਤ੍ਰਿਕਾ
Qaumi Patrika NO.1

Punjabi National Daily

ਦਿਲ੍ਲੀ, ਹਿਮਾਚਲ, ਹਰਿਯਾਣਾ, ਪੰਜਾਬ, ਉਤ੍ਤਰ ਪ੍ਰਦੇਸ਼, ਉਤ੍ਤਰਾਖਣ੍ਡ ਸੇ ਪ੍ਰਸਾਰਿਤ।

Saturday, 6 April 2024

VISIT:
www.qaumipatrika.org
Email: qpatrika@gmail.com

ਨਵੀਂ ਦਿੱਲੀ: ਸ਼ਨੀਵਾਰ 6 ਅਪ੍ਰੈਲ 2024, 23 ਚੈਤ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 42, ਅੰਕ 136, qpatrika@gmail.com ਫੋਨ : 9971359517 www.qaumipatrika.org

ਕਾਂਗਰਸ ਨੇ ਜਾਰੀ ਕੀਤਾ ਲੋਕ ਸਭਾ ਚੋਣਾਂ ਲਈ ਮੈਨੀਫੈਸਟੋ

ਸਿੰਮੀ ਕੌਰ ਬੱਬਰ

ਨਵੀਂ ਦਿੱਲੀ 5 ਅਪ੍ਰੈਲ। ਇੰਡੀਅਨ ਨੈਸਨਲ ਕਾਂਗਰਸ ਨੇ ਆਉਣ ਵਾਲੀਆਂ ਲੋਕ ਸਭਾ ਚੋਣਾਂ ਲਈ ਆਪਣਾ ਚੋਣ ਮਨੋਰਥ ਪੱਤਰ ਜਾਰੀ ਕਰ ਦਿੱਤਾ ਹੈ। ਪਾਰਟੀ ਨੇ ਆਪਣੇ ਚੋਣ ਮਨੋਰਥ ਪੱਤਰ ਵਿੱਚ ਪੰਜ ਜੱਜਾਂ ਨੂੰ ਸਾਮਲ ਕੀਤਾ ਹੈ। ਨੌਜਵਾਨ ਇਨਸਾਫ, ਔਰਤ ਇਨਸਾਫ, ਕਿਸਾਨ ਇਨਸਾਫ, ਮਜਦੂਰ ਇਨਸਾਫ ਅਤੇ ਬਰਾਬਰੀ ਦਾ ਇਨਸਾਫ ਦਾ ਜ਼ਿਕਰ ਹੈ। ਕਾਂਗਰਸ ਦਾ ਕਹਿਣਾ ਹੈ ਕਿ ਅਸੀਂ ਮਿਲ ਕੇ ਇਸ ਅਨਿਆਈ ਦੌਰ ਦੇ ਹਨੇਰੇ ਨੂੰ ਦੂਰ ਕਰਾਂਗੇ ਅਤੇ ਭਾਰਤ ਦੇ ਲੋਕਾਂ ਲਈ ਖੁਸਹਾਲ, ਨਿਆਂ ਭਰਪੂਰ ਅਤੇ ਸਦਭਾਵਨਾ ਭਰੇ ਭਵਿੱਖ ਲਈ ਰਾਹ ਪੱਧਰਾ ਕਰਾਂਗੇ। ਕਾਂਗਰਸ ਪਾਰਟੀ ਦੇ ਚੋਣ ਮਨੋਰਥ ਪੱਤਰ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਪਾਰਟੀ ਇਹ ਯਕੀਨੀ ਬਣਾਏਗੀ ਕਿ ਹਰ ਨਾਗਰਿਕ ਦੀ ਤਰ੍ਹਾਂ ਘੱਟ ਗਿਣਤੀਆਂ ਨੂੰ ਵੀ ਕੱਪੜੇ, ਭੋਜਨ, ਭਾਸਾ ਅਤੇ ਨਿੱਜੀ ਕਾਨੂੰਨਾਂ ਦੀ ਚੋਣ ਦੀ ਆਜਾਦੀ ਹੋਵੇ। ਅਸੀਂ ਨਿੱਜੀ ਕਾਨੂੰਨਾਂ ਵਿੱਚ ਸੁਧਾਰਾਂ ਨੂੰ ਉਤਸਾਹਿਤ ਕਰਾਂਗੇ। ਕਾਂਗਰਸ ਦਾ ਕਹਿਣਾ ਹੈ ਕਿ ਅਜਿਹੇ ਸੁਧਾਰ ਸਬੰਧਤ ਭਾਈਚਾਰਿਆਂ ਦੀ ਸਮੂਲੀਅਤ ਅਤੇ ਸਹਿਮਤੀ ਨਾਲ ਕੀਤੇ ਜਾਣੇ ਚਾਹੀਦੇ ਹਨ। ਕਾਂਗਰਸ ਦੇ ਚੋਣ ਮਨੋਰਥ ਪੱਤਰ 'ਤੇ ਪਾਰਟੀ ਪ੍ਰਧਾਨ ਮਲਿਕਾਰਜੁਨ ਖੜਗੇ ਦਾ ਕਹਿਣਾ ਹੈ ਕਿ ਸਾਡੇ ਚੋਣ ਮਨੋਰਥ ਪੱਤਰ ਨੂੰ ਦੇਸ ਦੇ ਸਿਆਸੀ ਇਤਿਹਾਸ 'ਚ 'ਨਿਆਂ ਦੇ ਦਸਤਾਵੇਜ' ਵਜੋਂ ਯਾਦ ਕੀਤਾ ਜਾਵੇਗਾ। ਰਾਹੁਲ ਗਾਂਧੀ ਦੀ ਅਗਵਾਈ 'ਚ

ਚਲਾਈ ਗਈ 'ਭਾਰਤ ਜੋੜੋ ਨਿਆਏ ਯਾਤਰਾ' ਇਸ 'ਤੇ ਕੇਂਦਰਿਤ ਸੀ। ਯਾਤਰਾ ਦੌਰਾਨ ਪੰਜ ਥੰਮ੍ਹਾਂ- ਯੁਵਾ ਨਿਆਂ, ਕਿਸਾਨ ਨਿਆਂ, ਮਹਿਲਾ ਨਿਆਂ, ਮਜਦੂਰ ਨਿਆਂ ਅਤੇ ਸਾਂਝਾ ਨਿਆਂ ਦਾ ਐਲਾਨ ਕੀਤਾ ਗਿਆ। ਇਹਨਾਂ ਪੰਜ ਥੰਮ੍ਹਾਂ ਵਿੱਚੋਂ, 25 ਗਾਰੰਟੀ ਉਭਰਦੀ ਹੈ ਅਤੇ ਹਰ 25 ਗਾਰੰਟੀ ਵਿਚ ਕਿਸੇ ਨਾ ਕਿਸੇ ਨੂੰ ਲਾਭ ਮਿਲਦਾ ਹੈ। ਕਾਂਗਰਸ ਪਾਰਟੀ ਦੇ ਚੋਣ ਮਨੋਰਥ ਪੱਤਰ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਪਾਰਟੀ ਇਹ ਯਕੀਨੀ ਬਣਾਏਗੀ ਕਿ ਹਰ ਨਾਗਰਿਕ ਦੀ ਤਰ੍ਹਾਂ ਘੱਟ ਗਿਣਤੀਆਂ ਨੂੰ ਵੀ ਕੱਪੜੇ, ਭੋਜਨ, ਭਾਸਾ ਅਤੇ ਨਿੱਜੀ ਕਾਨੂੰਨਾਂ ਦੀ ਚੋਣ ਦੀ ਆਜਾਦੀ ਹੋਵੇ। ਅਸੀਂ ਨਿੱਜੀ ਕਾਨੂੰਨਾਂ ਵਿੱਚ ਸੁਧਾਰਾਂ ਨੂੰ ਉਤਸਾਹਿਤ ਕਰਾਂਗੇ। ਕਾਂਗਰਸ ਦਾ ਕਹਿਣਾ ਹੈ ਕਿ ਅਜਿਹੇ ਸੁਧਾਰ ਸਬੰਧਤ ਭਾਈਚਾਰਿਆਂ ਦੀ ਸਮੂਲੀਅਤ ਅਤੇ ਸਹਿਮਤੀ ਨਾਲ ਕੀਤੇ ਜਾਣੇ ਚਾਹੀਦੇ ਹਨ। ਰਾਸਟਰੀ ਸਮਾਜਿਕ ਸਹਾਇਤਾ ਪ੍ਰੋਗਰਾਮ ਦੇ ਤਹਿਤ, ਸੀਨੀਅਰ ਨਾਗਰਿਕਾਂ, ਵਿਧਵਾਵਾਂ ਅਤੇ ਅਪਾਹਜ ਲੋਕਾਂ ਲਈ ਪੈਨਸਨ ਵਿੱਚ ਕੇਂਦਰ ਸਰਕਾਰ ਦਾ ਯੋਗਦਾਨ 200 ਰੁਪਏ ਤੋਂ 500 ਰੁਪਏ ਪ੍ਰਤੀ ਮਹੀਨਾ ਹੈ। ਕਾਂਗਰਸ ਦਾ ਕਹਿਣਾ ਹੈ ਕਿ ਇਹ ਰਕਮ ਵਧਾ ਕੇ 1000 ਰੁਪਏ ਪ੍ਰਤੀ ਮਹੀਨਾ ਕੀਤੀ ਜਾਵੇਗੀ। ਕਾਂਗਰਸ ਦਾ ਕਹਿਣਾ ਹੈ ਕਿ ਸਿਹਤ ਸੰਭਾਲ ਲਈ 25 ਲੱਖ ਰੁਪਏ ਤੱਕ ਦੇ ਕੈਸਲੈਸ ਬੀਮੇ ਦਾ ਰਾਜਸਥਾਨ ਮਾਡਲ ਅਪਣਾਇਆ ਜਾਵੇਗਾ। ਕਾਂਗਰਸ ਵਾਅਦਾ ਕਰਦੀ ਹੈ ਕਿ ਪਾਰਟੀ ਆਪਣਾ ਫਰਜ ਪੂਰਾ ਕਰੇਗੀ। ਜਾਤਾਂ ਅਤੇ ਉਪ-ਜਾਤੀਆਂ ਅਤੇ ਉਨ੍ਹਾਂ ਦੀਆਂ ਸਮਾਜਿਕ-ਆਰਥਿਕ ਸਥਿਤੀਆਂ ਦੀ ਗਿਣਤੀ ਕਰਨ ਲਈ ਇੱਕ ਦੇਸ ਵਿਆਪੀ ਸਮਾਜਿਕ-ਆਰਥਿਕ ਅਤੇ ਜਾਤੀ ਜਨਗਣਨਾ ਕਰਵਾਈ ਜਾਵੇਗੀ। ਅੰਕੜਿਆਂ ਦੇ ਆਧਾਰ 'ਤੇ ਸਕਾਰਾਤਮਕ ਕਾਰਵਾਈ ਦੇ ਏਜੰਡੇ ਨੂੰ ਮਜਬੂਤ ਕੀਤਾ ਜਾਵੇਗਾ। ਆਰਥਿਕ ਤੌਰ 'ਤੇ ਕਮਜੋਰ ਵਰਗਾਂ () ਲਈ ਨੌਕਰੀਆਂ ਅਤੇ ਵਿਦਿਅਕ ਸੰਸਥਾਵਾਂ ਵਿੱਚ 10 ਪ੍ਰਤੀਸਤ ਰਾਖਵਾਂਕਰਨ ਸਾਰੀਆਂ ਜਾਤਾਂ ਅਤੇ ਭਾਈਚਾਰਿਆਂ ਲਈ ਬਿਨਾਂ ਕਿਸੇ ਭੇਦਭਾਵ ਦੇ ਲਾਗੂ ਕੀਤਾ ਜਾਵੇਗਾ। ਇੱਕ ਸਾਲ ਦੇ ਅੰਦਰ , ਅਤੇ ਲਈ ਰਾਖਵੀਆਂ ਅਸਾਮੀਆਂ ਦੀਆਂ ਸਾਰੀਆਂ ਬੈਕਲਾਗ ਅਸਾਮੀਆਂ 'ਤੇ ਭਰਤੀ। ਕਾਂਗਰਸ ਸਰਕਾਰੀ ਅਤੇ ਜਨਤਕ ਖੇਤਰ ਦੇ ਉਦਯੋਗਾਂ ਵਿੱਚ ਨਿਯਮਤ ਨੌਕਰੀਆਂ ਦੀ ਠੇਕਾ ਪ੍ਰਣਾਲੀ ਨੂੰ ਖਤਮ ਕਰੇਗੀ। ਘਰ ਬਣਾਉਣ, ਕਾਰੋਬਾਰ ਸ਼ੁਰੂ ਕਰਨ ਅਤੇ ਜਾਇਦਾਦ ਖਰੀਦਣ ਲਈ ਅਤੇ ਨੂੰ ਸੰਸਥਾਗਤ ਕਰਜਾ ਦਿੱਤਾ ਜਾਵੇਗਾ।

ਜੰਮੂ-ਕਸ਼ਮੀਰ 'ਚ ਨੈਕਾਂ, ਕਾਂਗਰਸ ਮਿਲ ਕੇ ਲੜਨਗੇ ਲੋਕ ਸਭਾ ਚੋਣਾਂ : ਉਮਰ ਅਬਦੁਲਾ

ਜੰਮੂ/ਸ਼੍ਰੀਨਗਰ, 5 ਅਪ੍ਰੈਲ। ਨੈਸ਼ਨਲ ਕਾਨਫਰੈਂਸ (ਨੈਕਾਂ) ਦੇ ਉੱਪ ਪ੍ਰਧਾਨ ਉਮਰ ਅਬਦੁਲਾ ਨੇ ਵੀਰਵਾਰ ਨੂੰ ਸਪਸ਼ਟ ਕੀਤਾ ਕਿ ਪਾਰਟੀ ਜੰਮੂ-ਕਸ਼ਮੀਰ 'ਚ ਕਾਂਗਰਸ ਨਾਲ ਮਿਲ ਕੇ ਲੋਕ ਸਭਾ ਚੋਣ ਲੜੇਗੀ। ਉਨ੍ਹਾਂ ਕਿਹਾ ਕਿ ਕਾਂਗਰਸ ਜੰਮੂ-ਕਸ਼ਮੀਰ 'ਚ ਇੰਡੀਆ

ਗੱਠਜੋੜ ਦੇ ਹਿੱਸੇ ਦੇ ਰੂਪ 'ਚ ਚੋਣਾਂ 'ਚ ਨੈਸ਼ਨਲ ਕਾਨਫਰੈਂਸ ਦਾ ਸਮਰਥਨ ਕਰੇਗੀ। ਉਨ੍ਹਾਂ ਕਿਹਾ ਕਿ ਪਾਰਟੀ ਜੰਮੂ-ਕਸ਼ਮੀਰ ਦੀਆਂ ਸਾਰੀਆਂ ਸੀਟਾਂ 'ਤੇ ਕਾਂਗਰਸ ਨਾਲ ਮਿਲ ਕੇ ਲੋਕ ਸਭਾ ਚੋਣ ਲੜੇਗੀ। ਉੱਧਰ ਕਾਂਗਰਸ ਨੇ ਵੀ ਸਾਫ ਕਰ ਦਿੱਤਾ ਹੈ ਕਿ ਉਹ ਕਸ਼ਮੀਰ ਵਾਦੀ ਦੇ ਉਨ੍ਹਾਂ ਇਲਾਕਿਆਂ 'ਚ ਨੈਕਾਂ ਉਮੀਦਵਾਰਾਂ ਦਾ ਸਮਰਥਨ ਕਰੇਗੀ, ਜਿਥੇ ਉਸ ਦੀ ਪਕੜ ਮਜਬੂਤ ਹੈ। ਕਸ਼ਮੀਰ ਵਾਦੀ ਦੀ 3 ਸੀਟਾਂ 'ਤੇ ਕਾਂਗਰਸ ਪਾਰਟੀ ਨੈਕਾਂ ਨੂੰ ਆਪਣਾ ਸਮਰਥਨ ਦੇਵੇਗੀ ਜਦਕਿ ਨੈਕਾਂ ਜੰਮੂ ਅਤੇ ਉਧਮਪੁਰ ਸੀਟਾਂ 'ਤੇ ਕਾਂਗਰਸ ਨੂੰ ਆਪਣਾ ਸਮਰਥਨ ਦੇਵੇਗੀ।

ਸੰਤੋਖ ਸਿੰਘ ਚੌਧਰੀ ਦੀ ਪਤਨੀ ਅਤੇ ਪੁੱਤ ਨੇ ਸੋਨੀਆ ਗਾਂਧੀ ਨਾਲ ਕੀਤੀ ਮੁਲਾਕਾਤ

ਨਵੀਂ ਦਿੱਲੀ 5 ਅਪ੍ਰੈਲ। ਕਾਂਗਰਸ ਦੇ ਸਾਬਕਾ ਸੰਸਦ ਮੈਂਬਰ ਸਵ. ਚੌਧਰੀ ਸੰਤੋਖ ਸਿੰਘ ਦੀ ਪਤਨੀ ਕਮਲਜੀਤ ਕੌਰ ਅਤੇ ਪੁੱਤ ਵਿਕਰਮਜੀਤ ਚੌਧਰੀ ਨੇ ਕਾਂਗਰਸ ਦੀ ਸੀਨੀਅਰ ਨੇਤਾ ਸੋਨੀਆ ਗਾਂਧੀ ਨਾਲ ਮੁਲਾਕਾਤ ਕੀਤੀ। ਲੋਕ ਸਭਾ ਚੋਣਾਂ ਦੇ ਪੰਜਾਬ ਦੇ ਉਮੀਦਵਾਰਾਂ ਦੇ ਐਲਾਨ ਤੋਂ ਪਹਿਲਾਂ ਇਹ ਮੁਲਾਕਾਤ ਕਾਫੀ ਅਹਿਮ ਮੰਨੀ ਜਾ ਰਹੀ ਹੈ। ਦੱਸਣਯੋਗ ਹੈ ਕਿ ਲੋਕ ਸਭਾ ਚੋਣਾਂ ਦੀਆਂ ਤਿਆਰੀਆਂ ਦਰਮਿਆਨ ਪੰਜਾਬ ਕਾਂਗਰਸ 'ਚ ਵੱਡੀ ਹਲਚਲ ਮਚ ਗਈ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪੰਜਾਬ ਤੋਂ

ਕਾਂਗਰਸ ਪਾਰਟੀ ਦੇ 5 ਸੰਸਦ ਮੈਂਬਰ ਬੀਤੇ ਦਿਨ ਯਾਨੀ ਵੀਰਵਾਰ ਨੂੰ ਦਿੱਲੀ ਪਹੁੰਚੇ ਅਤੇ ਸੋਨੀਆ ਗਾਂਧੀ ਨਾਲ ਮੁਲਾਕਾਤ ਕੀਤੀ। ਜਾਣਕਾਰੀ ਅਨੁਸਾਰ ਸੰਸਦ ਮੈਂਬਰ ਮਨੀਸ਼ ਤਿਵਾੜੀ, ਮੁਹੰਮਦ ਸਦੀਕ, ਜਸਬੀਰ ਸਿੰਘ ਡਿੰਪਾ, ਗੁਰਜੀਤ ਸਿੰਘ ਔਜਲਾ ਅਤੇ ਡਾ: ਅਮਰ ਸਿੰਘ ਨੇ ਦਿੱਲੀ ਪਹੁੰਚ ਕੇ ਉਨ੍ਹਾਂ ਨੇ ਕਾਂਗਰਸ ਆਗੂ ਸੋਨੀਆ ਗਾਂਧੀ ਨਾਲ ਮੁਲਾਕਾਤ ਕੀਤੀ ਸੀ। ਸੂਤਰਾਂ ਅਨੁਸਾਰ ਇਨ੍ਹਾਂ ਸੰਸਦ ਮੈਂਬਰਾਂ ਨੇ ਅਪੀਲ ਕੀਤੀ ਹੈ ਕਿ ਪੰਜਾਬ ਵਿੱਚ ਹੋਣ ਵਾਲੀਆਂ ਲੋਕ ਸਭਾ ਚੋਣਾਂ ਲਈ ਉਮੀਦਵਾਰਾਂ ਦਾ ਐਲਾਨ ਜਲਦੀ ਕੀਤਾ ਜਾਵੇ। ਉਨ੍ਹਾਂ ਦਾ ਕਹਿਣਾ ਹੈ ਕਿ ਉਮੀਦਵਾਰਾਂ ਦਾ ਐਲਾਨ ਨਾ ਹੋਣ ਕਾਰਨ ਪਾਰਟੀ ਚੋਣ ਪ੍ਰਚਾਰ ਵਿੱਚ ਵੀ ਦੇਰੀ ਕਰ ਰਹੀ ਹੈ।

ਸੁਪਰੀਮ ਕੋਰਟ ਨੇ ਸਰਦ ਪਵਾਰ ਅਤੇ ਅਜੀਤ ਧੜੇ ਨੂੰ ਦਿੱਤੀ ਨਸ਼ੀਹਤ

ਨਵੀਂ ਦਿੱਲੀ 5 ਅਪ੍ਰੈਲ। ਸੁਪਰੀਮ ਕੋਰਟ ਨੇ ਵੀਰਵਾਰ ਨੂੰ ਰਾਸਟਰਵਾਦੀ ਕਾਂਗਰਸ ਪਾਰਟੀ (ਐੱਨ.ਸੀ.ਪੀ.) ਦੇ ਸਰਦ ਪਵਾਰ ਅਤੇ ਅਜਿਤ ਪਵਾਰ ਦੋਵਾਂ ਧੜਿਆਂ ਨੂੰ ਵਿਧਾਨ ਸਭਾ ਅਤੇ ਆਮ ਚੋਣਾਂ ਲਈ ਪ੍ਰਚਾਰ ਸਮੱਗਰੀ ਵਿਚ ਚੋਣ ਨਿਸ਼ਾਨ, ਪਾਰਟੀ ਦੇ ਨਾਂ ਅਤੇ ' ਡਿਸਕਲੇਮਰ' (ਦਾਅਵਾ ਅਪ੍ਰਵਾਨ) ਦੀ ਵਰਤੋਂ 'ਤੇ ਉਨ੍ਹਾਂ ਦੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਨ ਲਈ ਕਿਹਾ ਹੈ। ਜਸਟਿਸ ਸੂਰਿਆ ਕਾਂਤ ਅਤੇ ਜਸਟਿਸ ਕੇ.ਵੀ. ਵਿਸਵਨਾਥਨ ਦੀ ਬੈਂਚ ਨੇ ਆਪਣੇ 19 ਮਾਰਚ ਦੇ ਹੁਕਮਾਂ ਦੀ ਪਾਲਣਾ ਨਾ ਕਰਨ ਸਬੰਧੀ ਦੋਵਾਂ ਧੜਿਆਂ ਦੀਆਂ ਪਟੀਸਨਾਂ ਦਾ ਨਿਪਟਾਰਾ ਕਰਦਿਆਂ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ਦੋਵਾਂ ਧੜਿਆਂ ਦੇ ਆਗੂ ਅਦਾਲਤਾਂ ਵਿਚ ਨਹੀਂ, ਕਿਤੇ ਹੋਰ ਹੋਣ। ਉਨ੍ਹਾਂ ਨੇ ਸਰਦ ਪਵਾਰ ਧੜੇ ਨੂੰ ਕਿਹਾ ਕਿ ਉਹ ਆਪਣੇ ਵਰਕਰਾਂ ਨੂੰ ਚੋਣ ਮੁਹਿੰਮਾਂ ਵਿਚ 'ਰਾਸਟਰਵਾਦੀ ਕਾਂਗਰਸ ਪਾਰਟੀ-ਸਰਦਚੰਦਰ ਪਵਾਰ' ਅਤੇ 'ਤੁਰਹੀ(ਵਾਜਾ) ਬਜਾਉਂਦਾ ਆਦਮੀ' ਚੋਣ ਨਿਸਾਨ ਦੀ ਵਰਤੋਂ ਕਰਨ ਲਈ ਆਪਣੇ ਵਰਕਰਾਂ ਨੂੰ ਜਾਗਰੂਕ ਕਰਨ। ਅਦਾਲਤ ਨੇ ਸਰਦ ਪਵਾਰ ਧੜੇ ਨੂੰ ਕਿਹਾ ਕਿ ਉਹ ਆਪਣੇ ਪਾਰਟੀ ਵਰਕਰਾਂ, ਅਹੁਦੇਦਾਰਾਂ ਅਤੇ ਵਿਧਾਇਕਾਂ ਨੂੰ ਚੋਣ ਇਸਤਿਹਾਰਾਂ ਵਿਚ ਅਜਿਤ ਪਵਾਰ ਦੀ ਅਗਵਾਈ ਵਾਲੀ ਐੱਨ.ਸੀ.ਪੀ. ਨੂੰ ਅਲਾਟ ਕੀਤੇ ਗਏ 'ਘੜੀ' ਚਿੰਨ੍ਹ ਦੀ ਵਰਤੋਂ ਨਾ ਕਰਨ ਲਈ ਕਹਿਣ।

ਸੰਜੇ ਸਿੰਘ ਦਾ ਵੱਡਾ ਬਿਆਨ, ਭਾਜਪਾ ਨੇ ਰਚੀ ਕੇਜਰੀਵਾਲ ਨੂੰ ਜੇਲ੍ਹ ਭੇਜਣ ਦੀ ਸਾਜਿਸ਼

ਏਜੰਸੀਆਂ

ਨਵੀਂ ਦਿੱਲੀ 5 ਅਪ੍ਰੈਲ। ਆਮ ਆਦਮੀ ਪਾਰਟੀ ਦੇ ਰਾਜ ਸਭਾ ਸੰਸਦ ਮੈਂਬਰ ਸੰਜੇ ਸਿੰਘ ਨੇ ਭਾਜਪਾ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਨਿਸ਼ਾਨਾ ਵਿੰਨ੍ਹਿਆ। ਉਨ੍ਹਾਂ ਨੇ ਪ੍ਰੈੱਸ ਕਾਨਫਰੰਸ ਕਰ ਕੇ ਕਿਹਾ ਕਿ ਦਿੱਲੀ ਸ਼ਰਾਬ ਘਪਲਾ 'ਆਪ' ਨੇ ਨਹੀਂ ਸਗੋਂ ਭਾਜਪਾ ਨੇ ਕੀਤਾ ਹੈ। ਉਨ੍ਹਾਂ ਕਿਹਾ ਕਿ ਸ਼ਰਾਬ ਘਪਲੇ ਦੇ ਦੋਸ਼ੀ ਨੇ ਭਾਜਪਾ ਨੂੰ 55 ਕਰੋੜ ਰੁਪਏ ਦੀ ਰਿਸ਼ਵਤ ਦਿੱਤੀ। ਉੱਥੇ ਹੀ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਖ਼ਿਲਾਫ ਡੂੰਘੀ ਸਾਜਿਸ਼ ਰਚੀ ਗਈ ਹੈ। ਈ.ਡੀ. ਨੇ ਸ਼ਰਾਬ ਘਪਲੇ ਦੇ ਦੋਸ਼ੀਆਂ ਨੂੰ ਤੰਗ ਕਰ ਕੇ ਕੇਜਰੀਵਾਲ ਖ਼ਿਲਾਫ ਬਿਆਨ ਦਰਜ ਕਰਵਾਏ। ਸਿੰਘ ਨੇ ਈ.ਡੀ. 'ਤੇ ਦੋਸ਼ ਲਗਾਉਂਦੇ ਹੋਏ ਕਿਹਾ ਕਿ ਈ.ਡੀ. ਨੇ ਉਨ੍ਹਾਂ ਬਿਆਨਾਂ ਨੂੰ ਲੁਕਾ ਲਿਆ, ਜਿਸ 'ਚ ਦੋਸ਼ੀਆਂ ਨੇ ਅਰਵਿੰਦ ਕੇਜਰੀਵਾਲ ਦਾ ਨਾਂ ਨਹੀਂ ਲਿਆ। ਆਮ ਆਦਮੀ ਪਾਰਟੀ ਦੇ ਸੰਸਦ ਮੈਂਬਰ ਸੰਜੇ ਸਿੰਘ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਨਿਸ਼ਾਨਾ ਵਿੰਨ੍ਹਦੇ ਹੋਏ ਕਿਹਾ ਕਿ ਈ.ਡੀ. ਨੇ ਜਿਸ ਨੂੰ ਸ਼ਰਾਬ ਘਪਲੇਬਾਜ ਦਾ ਦੋਸ਼ ਲਗਾਇਆ, ਉਸ ਨਾਲ ਪੀ.ਐੱਮ. ਤਸਵੀਰਾਂ ਖਿੱਚਵਾ ਰਹੇ ਹਨ। ਈ.ਡੀ. ਨੇ ਸੰਸਦ ਮੈਂਬਰ ਮਗੁੰਟਾ ਰੈੱਡੀ ਨੂੰ ਸ਼ਰਾਬ ਘਪਲੇ ਦਾ ਦੋਸ਼ ਬਣਾਇਆ। ਈ.ਡੀ. ਨੇ

ਉਸ ਨੂੰ ਕਿੰਗਪਿੰਗ ਦੱਸਿਆ ਅਤੇ ਗ੍ਰਿਫਤਾਰ ਕੀਤਾ ਸੀ। ਸ਼ੁਰੂਆਤੀ ਬਿਆਨਾਂ 'ਚ ਉਸ ਨੇ ਕੇਜਰੀਵਾਲ ਦਾ ਨਾਂ ਨਹੀਂ ਲਿਆ, ਜਿਸ ਨੂੰ ਈ.ਡੀ. ਨੇ ਲੁਕਾਇਆ। ਜਦੋਂ ਮੁਗੰਟਾ ਨੇ ਕੇਜਰੀਵਾਲ ਖ਼ਿਲਾਫ ਬਿਆਨ ਦੇ ਦਿੱਤਾ ਤਾਂ ਉਸ ਨੂੰ ਜਮਾਨਤ ਮਿਲ ਗਈ। ਹੁਣ ਮਗੁੰਟਾ ਫਿਰ ਤੋਂ ਚੋਣ ਲੜ ਰਿਹਾ ਹੈ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਫੋਟੋ ਲਗਾ ਕੇ ਚੋਣ ਪ੍ਰਚਾਰ ਕਰ ਰਿਹਾ ਹੈ। ਸੰਜੇ ਨੇ ਭਾਜਪਾ 'ਤੇ ਦੋਸ਼ ਲਗਾਇਆ ਕਿ ਅਸਲੀ ਸ਼ਰਾਬ ਘਪਲਾ ਈ.ਡੀ. ਦੀ ਜਾਂਚ ਤੋਂ ਬਾਅਦ ਸ਼ੁਰੂ ਹੋਇਆ, ਜਿਸ ਨੂੰ ਭਾਜਪਾ ਨੇ ਕੀਤਾ। ਉਨ੍ਹਾਂ ਕਿਹਾ ਈ.ਡੀ. ਨੇ ਸ਼ਰਾਬ ਘਪਲਾ ਮਾਮਲੇ 'ਚ ਸ਼ਰਦ ਰੈੱਡੀ ਨੂੰ ਗ੍ਰਿਫਤਾਰ ਕੀਤਾ। ਈ.ਡੀ. ਨੇ ਕਿਹਾ ਸੀ ਕਿ ਸ਼ਰਾਬ ਘਪਲੇ ਦਾ ਕਿੰਗਪਿੰਗ ਸ਼ਰਦ ਰੈੱਡੀ ਹੈ ਪਰ ਸ਼ਰਦ ਰੈੱਡੀ ਨੇ ਆਪਣੇ ਬਿਆਨਾਂ 'ਚ ਕਿਤੇ ਕੇਜਰੀਵਾਲ ਦਾ ਨਾਂ ਨਹੀਂ ਲਿਆ। ਈ.ਡੀ. ਨੇ ਉਸ ਨੂੰ 6 ਮਹੀਨਿਆਂ 'ਚ ਜੇਲ੍ਹ 'ਚ ਰੱਖਿਆ ਅਤੇ ਉਸ ਨੇ ਟੁੱਟ ਕੇ ਕੇਜਰੀਵਾਲ ਦਾ ਨਾਂ ਲੈ ਲਿਆ। ਇਸ ਤੋਂ ਬਾਅਦ ਉਸ ਨੂੰ ਜਮਾਨਤ ਮਿਲ ਗਈ। ਸ਼ਰਦ ਰੈੱਡੀ ਨੇ ਭਾਜਪਾ ਨੂੰ 55 ਕਰੋੜ ਰੁਪਏ ਰਿਸ਼ਵਤ ਦਿੱਤੀ, ਜਿਸ ਦਾ ਸੁਪਰੀਮ ਕੋਰਟ ਦੇ ਚੋਣ ਬਾਂਡ ਦੇ ਆਦੇਸ਼ ਤੋਂ ਬਾਅਦ ਖੁਲਾਸਾ ਹੋਇਆ। ਅਸਲੀ ਘਪਲੇਬਾਜ ਭਾਜਪਾ ਹੈ ਅਤੇ ਕੇਜਰੀਵਾਲ ਨੂੰ ਸਾਜਿਸ਼ ਦੇ ਅਧੀਨ ਗ੍ਰਿਫਤਾਰ ਕੀਤਾ ਗਿਆ ਹੈ।

ਸੰਦੇਸ਼ਖਾਲੀ ਦੇ ਦੋਸ਼ੀਆਂ ਨੂੰ ਸਜਾ ਦਿਵਾਉਣਾ ਮੇਰੀ ਗਾਰੰਟੀ : ਪੀ.ਐੱਮ. ਮੋਦੀ

ਕੂਚ ਬਿਹਾਰ/ਪੱਛਮੀ ਬੰਗਾਲ 5 ਅਪ੍ਰੈਲ। ਬੰਗਾਲ ਦੇ ਸੰਦੇਸਖਾਲੀ 'ਚ ਔਰਤਾਂ 'ਤੇ ਹੋਏ ਅੱਤਿਆਚਾਰ ਨੂੰ ਲੈ ਕੇ ਸ਼ੁੱਕਰਵਾਰ ਨੂੰ ਪੀ.ਐੱਮ. ਮੋਦੀ ਨੇ ਮਮਤਾ ਸਰਕਾਰ 'ਤੇ ਹਮਲਾ ਬੋਲਿਆ ਹੈ। ਬੰਗਾਲ ਦੇ ਕੂਚ ਬਿਹਾਰ 'ਚ ਆਪਣੀ ਪਹਿਲੀ ਰੈਲੀ ਨੂੰ ਸੰਬੋਧਨ ਕਰਦਿਆਂ ਪੀ.ਐੱਮ. ਨੇ ਕਿਹਾ ਕਿ ਬੰਗਾਲ 'ਚ ਮਾਵਾਂ-ਭੈਣਾਂ 'ਤੇ ਹੁੰਦੇ ਅੱਤਿਆਚਾਰਾਂ ਨੂੰ ਭਾਜਪਾ ਹੀ ਰੋਕ ਸਕਦੀ ਹੈ। ਪੀ.ਐੱਮ. ਨੇ ਅੱਗੇ ਕਿਹਾ ਕਿ ਬੰਗਾਲ ਸਮੇਤ ਪੂਰੇ ਦੇਸ ਨੇ ਦੇਖਿਆ ਹੈ ਕਿ ਕਿਸ ਤਰ੍ਹਾਂ ਟੀ.ਐੱਮ.ਸੀ. ਸਰਕਾਰ ਨੇ ਸੰਦੇਸਖਾਲੀ ਦੇ ਦੋਸੀਆਂ ਨੂੰ ਬਚਾਉਣ ਲਈ ਆਪਣੀ ਪੂਰੀ ਤਾਕਤ ਲਗਾ ਦਿੱਤੀ ਸੀ। ਉਨ੍ਹਾਂ ਕਿਹਾ ਕਿ ਸੰਦੇਸਖਾਲੀ ਦੀਆਂ ਔਰਤਾਂ ਨਾਲ ਜੋ ਵੀ ਹੋਇਆ, ਉਸ ਦੀ ਜ਼ਿੰਮੇਵਾਰ ਟੀ.ਐੱਮ.ਸੀ. ਹੈ। ਦੁਨ

ਦਿਆਲਪੁਰਾ ਥਾਣੇ 'ਚੋਂ ਹਥਿਆਰ ਗਾਇਬ ਹੋਣ ਦੇ ਮਾਮਲੇ 'ਚ ਆਇਆ ਨਵਾਂ ਮੋੜ

ਬਠਿੰਡਾ 5 ਅਪ੍ਰੈਲ। ਦਿਆਲਪੁਰਾ ਥਾਣੇ 'ਚ ਜਮਾਂ ਹਥਿਆਰਾਂ ਦੇ ਗਾਇਬ ਹੋਣ ਦੇ ਮਾਮਲੇ 'ਚ ਇਕ ਨਵਾਂ ਮੋੜ ਆਇਆ ਹੈ। ਹੁਣ ਬਠਿੰਡਾ ਦੇ ਵਸਨੀਕ ਤੀਰਥ ਸਿੰਘ ਸਿੱਧੂ ਨੇ ਦੋਸ਼ ਲਾਇਆ ਹੈ ਕਿ ਉਸ ਨੇ ਆਪਣੇ ਖਿ?ਲਾਫ ਦਰਜ ਕੇਸ 'ਚ ਰਿਵਾਲਵਰ ਥਾਣਾ ਦਿਆਲਪੁਰਾ 'ਚ ਜਮਾਂ ਕਰਵਾ ਦਿੱਤਾ ਸੀ। ਇਸ ਮਾਮਲੇ 'ਚ 8 ਅਗਸਤ 2023 ਨੂੰ ਅਦਾਲਤ ਨੇ ਉਸ ਨੂੰ ਬਰੀ ਕਰ ਦਿੱਤਾ ਸੀ ਅਤੇ ਹਥਿਆਰ ਛੱਡਣ ਦੇ ਹੁਕਮ ਜਾਰੀ ਕਰ ਦਿੱਤੇ ਸਨ। ਇਸ ਮਾਮਲੇ 'ਚ ਉਸ ਵੇਲੇ ਹੈਰਾਨੀ ਹੋਈ ਜਦੋਂ ਉਹ ਅਦਾਲਤ ਦੇ ਹੁਕਮਾਂ ਨੂੰ ਲੈ ਕੇ ਥਾਣਾ ਦਿਆਲਪੁਰਾ ਪੁੱਜਾ। ਉੱਥੇ ਮੌਜੂਦ ਦਸਤਾਵੇਜਾਂ ਨੂੰ ਦੇਖਣ ਤੋਂ ਬਾਅਦ ਦੱਸਿਆ ਗਿਆ ਕਿ ਅਸਲਾ ਕਾਰਗੋ ਹੋਲਡ 'ਚ ਰੱਖਿਆ ਹੋਇਆ ਸੀ। ਜਦੋਂ ਗੋਦਾਮ ਦੀ ਜਾਂਚ ਕੀਤੀ ਗਈ ਤਾਂ ਉਥੋਂ ਰਿਵਾਲਵਰ ਗਾਇਬ ਸੀ। ਇਸ ਤੋਂ ਬਾਅਦ ਪਿਛਲੇ ਤਿੰਨ ਮਹੀਨਿਆਂ ਤੋਂ ਹਥਿਆਰਾਂ ਦੀ ਭਾਲ ਕਰਨ ਦੀ ਬਜਾਏ ਪੁਲਸ ਨੇ ਕਿਹਾ ਕਿ ਇਸ ਮਾਮਲੇ 'ਚ ਵਿਸੇਸ ਜਾਂਚ ਕਮੇਟੀ ਬਣਾਈ ਗਈ ਹੈ। ਪੁਲਸ ਦਾ ਬਿਆਨ ਹੈ ਕਿ ਕਮੇਟੀ ਦੀ ਰਿਪੋਰਟ ਆਉਣ ਤੋਂ ਬਾਅਦ ਹੀ ਅਗਲੀ ਕਾਰਵਾਈ ਸੰਭਵ ਹੋਵੇਗੀ। ਇਸ 'ਚ ਪ੍ਰਭਾਵਿਤ ਵਿਅਕਤੀ ਨੇ ਦੱਸਿਆ ਕਿ ਉਹ ਆਪਣਾ ਅਸਲਾ ਲਾਇਸੈਂਸ ਰੀਨਿਊ ਕਰਵਾਉਣਾ ਚਾਹੁੰਦਾ ਹੈ। ਇਸ ਦੇ ਲਈ ਹਥਿਆਰ ਦਿਖਾਉਣੇ ਜਰੂਰੀ ਹਨ। ਤਹਿਸੀਲ ਦਫਤਰ ਦੇ ਅਧਿਕਾਰੀ ਕਹਿ ਰਹੇ ਹਨ ਕਿ ਜੇਕਰ ਅਸਲਾ ਥਾਣੇ 'ਚ ਹੈ ਤਾਂ ਉਹ ਸਬੰਧਤ ਥਾਣੇ ਤੋਂ ਲਿਖ ਕੇ ਦੇਣ ਕਿ ਅਸਲਾ ਉਨ੍ਹਾਂ ਕੋਲ ਹੈ। ਇਸ 'ਚ ਪੁਲਸ ਕਹਿ ਰਹੀ ਹੈ ਕਿ ਜਦੋਂ ਤਕ ਐੱਸ.ਆਈ.ਟੀ. ਦੀ ਜਾਂਚ

ਪੂਰੀ ਨਹੀਂ ਹੋ ਜਾਂਦੀ, ਉਹ ਕਾਗਜੀ ਕਾਰਵਾਈ ਨਹੀਂ ਕਰ ਸਕਦੇ। ਫਿਲਹਾਲ ਪ੍ਰਭਾਵਿਤ ਵਿਅਕਤੀ ਇਸ ਗੱਲ ਨੂੰ ਲੈ ਕੇ ਚਿੰਤਤ ਹੈ ਅਤੇ ਉਸ ਦੇ ਅਸਲਾ ਲਾਇਸੈਂਸ ਨੂੰ ਰੀਨਿਊ ਕਰਵਾਉਣ ਦੀ ਪ੍ਰਕਿਰਿਆ 'ਚ ਵੀ ਦੇਰੀ ਹੋ ਰਹੀ ਹੈ, ਜਿਸ ਕਾਰਨ ਉਸ ਨੂੰ ਜੁਰਮਾਨਾ ਭਰਨਾ ਪਵੇਗਾ। ਇਸ ਮਾਮਲੇ 'ਚ ਉਨ੍ਹਾਂ ਸਰਕਾਰੀ ਸਾਮਾਨ ਦੀ ਖਪਤ ਕਰਕੇ ਹਥਿਆਰ ਗਾਇਬ ਕਰਨ ਵਾਲੇ ਵਿਅਕਤੀਆਂ ਖਿ?ਲਾਫ ਕਾਰਵਾਈ ਕਰ ਕੇ ਇਨਸਾਫ ਦੀ ਮੰਗ ਕੀਤੀ ਹੈ। ਧਿਆਨਯੋਗ ਹੈ ਕਿ ਇਕ ਸਾਲ ਪਹਿਲਾਂ ਬਠਿੰਡਾ ਦੇ ਦਿਆਲਪੁਰਾ ਥਾਣੇ 'ਚੋਂ ਵੀ ਹਥਿਆਰਾਂ ਦੇ ਗਾਇਬ ਹੋਣ ਦਾ ਮਾਮਲਾ ਸਾਹਮਣੇ ਆਇਆ ਸੀ। ਇਸ ਮਾਮਲੇ 'ਚ ਮੁਅੱਤਲ ਮੁਨਸੀ ਸੰਦੀਪ ਦੇ ਤਿੰਨ ਦੋਸਤਾਂ ਦੀ ਭੂਮਿਕਾ ਦਾ ਖੁਲਾਸਾ ਹੋਇਆ ਸੀ। ਜਾਣਕਾਰੀ ਅਨੁਸਾਰ ਮੁਨਸੀ ਦੇ ਤਿੰਨ ਦੋਸਤਾਂ ਨੇ ਪਿਸਤੌਲ ਵੇਚਣ ਦਾ ਸੌਦਾ ਕੀਤਾ ਸੀ। ਸੰਦੀਪ ਤੋਂ ਪਿਸਤੌਲ ਲੈ ਕੇ ਸਾਹਿਲ ਨਾਂ ਦੇ ਵਿਅਕਤੀ ਨੂੰ ਵੇਚ ਦਿੱਤਾ ਸੀ। ਥਾਣਿਆਂ 'ਚੋਂ ਲੋਕਾਂ ਵੱਲੋਂ ਜਮਾਂ ਕਰਵਾਏ ਹਥਿਆਰਾਂ ਦੇ ਗਾਇਬ ਹੋਣ ਪਿੱਛੇ ਕਿਸੇ ਵੱਡੇ ਗਿਰੋਹ ਦਾ ਹੱਥ ਹੋਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਇਹ ਮਾਮਲਾ ਉਸ ਸਮੇਂ ਸਾਹਮਣੇ ਆਇਆ ਜਦੋਂ ਸੀ. ਆਈ. ਏ. ਸਟਾਫ ਵੱਲੋਂ 27 ਮਈ 2022 ਨੂੰ ਫੜੇ ਗਏ ਨਸਾ ਸਮੱਗਲਰ ਕੋਲੋਂ ਭਗਤਾ ਭਾਈਕਾ ਦੇ ਦਿਆਲਪੁਰਾ ਥਾਣੇ 'ਚ ਜਮਾਂ ਪ੍ਰੀਤਮ ਸਿੰਘ ਦਾ ਰਿਵਾਲਵਰ ਬਰਾਮਦ ਹੋਇਆ ਸੀ। ਇਸ ਤੋਂ ਬਾਅਦ ਪ੍ਰੀਤਮ ਸਿੰਘ ਨੇ ਪੂਰੇ ਮਾਮਲੇ ਦੀ ਸ਼ਿਕਾਇਤ ਐੱਸ.ਐੱਸ.ਪੀ. ਨੂੰ ਕੀਤੀ ਅਤੇ ਮੀਡੀਆ ਸਾਹਮਣੇ ਥਾਣੇ 'ਚ ਹਥਿਆਰ ਜਮਾਂ ਕਰਵਾਉਣ ਦੀ ਰਸੀਦ ਦਿਖਾਈ। ਇਸ ਮਾਮਲੇ ਤੋਂ ਬਾਅਦ ਇਕ ਤੋਂ ਬਾਅਦ ਇਕ ਤਿੰਨ ਹੋਰ ਮਾਮਲੇ ਸਾਹਮਣੇ ਆਏ ਹਨ। ਥਾਣੇ 'ਚੋਂ ਹਥਿਆਰ ਗਾਇਬ ਹੋਣ ਦਾ ਮਾਮਲਾ ਸਾਹਮਣੇ ਆਉਣ ਤੋਂ ਬਾਅਦ ਐੱਸ.ਐੱਸ.ਪੀ. ਨੇ ਪੂਰੇ ਮਾਮਲੇ ਦੀ ਜਾਂਚ ਲਈ ਡੀ.ਐੱਸ.ਪੀ. ਰਾਮਪੁਰਾ ਫੂਲ ਦੀ ਅਗਵਾਈ 'ਚ ਐੱਸ.ਆਈ.ਟੀ. ਦਾ ਗਠਨ ਕੀਤਾ ਸੀ। ਐੱਸ.ਆਈ.ਟੀ. ਨੇ ਆਪਣੀ ਸ਼ੁਰੂਆਤੀ ਜਾਂਚ 'ਚ ਉਸ ਸਮੇਂ ਦੇ ਸਾਰੇ ਪੁਲਸ ਮੁਲਾਜਮਾਂ ਨੂੰ ਸਾਮਲ ਕੀਤਾ, ਜਦੋਂ ਪੀੜਤਾਂ ਨੇ ਆਪਣੇ ਹਥਿਆਰ ਦਿਆਲਪੁਰਾ ਥਾਣੇ 'ਚ ਜਮਾਂ ਕਰਵਾਏ ਸਨ।

ਚੰਡੀਗੜ੍ਹ 'ਚ ਲਾਈਟਾਂ 'ਤੇ ਪਲਟਿਆ ਤੇਲ ਨਾਲ ਭਰਿਆ ਟੈਂਕਰ, ਬਾਲਟੀਆਂ ਤੇ ਬੋਤਲਾਂ 'ਚ ਭਰ ਲੈ ਗਏ ਲੋਕ

ਚੰਡੀਗੜ੍ਹ 5 ਅਪ੍ਰੈਲ। ਤੇਲ ਨਾਲ ਭਰਿਆ ਟੈਂਕਰ ਐਤਵਰ ਰਾਤ ਸੈਕਟਰ-20/33 ਲਾਈਟ ਪੁਆਇੰਟ ਕੋਲ ਪਲਟ ਗਿਆ। ਦੇਖਦਿਆਂ ਹੀ ਦੇਖਦਿਆਂ ਟੈਂਕਰ 'ਚੋਂ ਤੇਲ ਨਿਕਲ ਕੇ ਸੜਕ 'ਤੇ ਫੈਲ ਗਿਆ। ਲੋਕਾਂ ਨੇ ਮਾਮਲੇ ਦੀ ਜਾਣਕਾਰੀ ਪੁਲਸ ਨੂੰ ਦਿੱਤੀ। ਪੀ. ਸੀ. ਆਰ. ਤੇ ਥਾਣਾ ਪੁਲਸ ਮੌਕੇ 'ਤੇ ਪਹੁੰਚੀ। ਪੁਲਸ ਨੇ ਡਰਾਈਵਰ ਨੂੰ ਟੈਂਕਰ ਦੇ ਕੈਬਿਨ 'ਚੋਂ ਬਾਹਰ ਕੱਢ ਕੇ ਉਸ ਦੀ ਜਾਨ ਬਚਾਈ। ਇੰਸ. ਕੁਲਦੀਪ ਮੌਕੇ 'ਤੇ ਟੀਮ ਨਾਲ ਪਹੁੰਚੇ ਤੇ ਸੜਕ ਖਾਲੀ ਕਰਵਾਈ। ਕਈ ਲੋਕ ਬੋਤਲਾਂ ਤੇ ਬਾਲਟੀਆਂ 'ਚ

ਤੇਲ ਭਰਨ ਲੱਗੇ ਹੋਏ ਸਨ। ਪੁਲਸ ਨੇ ਦੱਸਿਆ ਕਿ ਡੀਜ਼ਲ ਬਾਹਰ ਨਿਕਲ ਰਿਹਾ ਸੀ, ਜਿਸ ਨੂੰ ਪੁਲਸ ਨੇ ਤੁਰੰਤ ਪਹੁੰਚ ਕੇ ਬੰਦ ਕੀਤਾ। ਜਾਂਚ ਵਿਚ ਸਾਹਮਣੇ ਆਇਆ ਕਿ ਟੈਂਕਰ ਸੰਤੁਲਨ ਵਿਗੜਨ ਕਾਰਨ ਪਲਟਿਆ ਸੀ। ਡੀਜ਼ਲ ਨਾਲ ਭਰਿਆ ਟੈਂਕਰ ਪਲਟਣ ਤੋਂ ਬਾਅਦ ਸੜਕ 'ਤੇ ਡੀਜ਼ਲ ਹੀ ਡੀਜ਼ਲ ਫੈਲ ਗਿਆ। ਇਹ ਦੇਖ ਕੇ ਲੋਕ ਬਾਲਟੀਆਂ ਅਤੇ ਜੋ ਮਿਲਿਆ, ਲੈ ਕੇ ਦੌੜ ਪਏ। ਚੰਡੀਗੜ੍ਹ ਪੁਲਸ ਆਰਾਮ ਨਾਲ ਖੜ੍ਹੀ ਦੇਖਦੀ ਰਹੀ ਤੇ ਡੀਜ਼ਲ ਲੈ ਕੇ ਜਾਂਦੇ ਲੋਕਾਂ ਨੂੰ ਰੋਕਣ ਦੀ ਕੋਈ ਖੇਚਲ ਨਹੀਂ ਕੀਤੀ। ਸੜਕ 'ਤੇ ਫੈਲੇ ਡੀਜ਼ਲ ਨੂੰ ਅੱਗ ਨਾ ਲੱਗੇ, ਇਸ ਲਈ ਫਾਇਰ ਬ੍ਰਿਗੇਡ ਵਿਭਾਗ ਦੀ ਟੀਮ ਸੜਕ 'ਤੇ ਪਾਣੀ ਦਾ ਛਿੜਕਾਅ ਕਰਦੀ ਰਹੀ। ਉੱਥੇ ਹੀ ਟੈਂਕਰ ਪਲਟਣ ਵਾਲੀ ਸੜਕ ਵੱਲ ਪੁਲਸ ਕਿਸੇ ਨੂੰ ਨਹੀਂ ਆਉਣ ਦੇ ਰਹੀ ਸੀ। ਪੁਲਸ ਅਨੁਸਾਰ ਡੀਜ਼ਲ ਨਾਲ ਭਰਿਆ ਟੈਂਕਰ ਪਾਣੀਪਤ ਵੱਲ ਜਾ ਰਿਹਾ ਸੀ ਅਤੇ ਮੌਕਾ ਤਾੜ ਕੇ ਡਰਾਈਵਰ ਫਰਾਰ ਹੋ ਗਿਆ।

ਗੈਂਗਸਟਰ ਪ੍ਰਿੰਸ ਚੌਹਾਨ ਨਾਲ ਜੁੜੇ ਗਿਰੋਹ ਦੇ 2 ਹੋਰ ਮੈਂਬਰ ਗ੍ਰਿਫਤਾਰ, ਫਿਰੌਤੀ ਰੈਕੇਟ ਦਾ ਪਰਦਾਫਾਸ਼

ਮੋਹਾਲੀ 5 ਅਪ੍ਰੈਲ। ਪੰਜਾਬ ਪੁਲਸ ਦੇ ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ ਨੇ ਬੰਬੀਹਾ ਗੈਂਗ ਦੇ ਕੈਨੇਡਾ ਆਧਾਰਿਤ ਗੈਂਗਸਟਰ ਪ੍ਰਿੰਸ ਚੌਹਾਨ ਨਾਲ ਜੁੜੇ ਗਿਰੋਹ ਦੇ ਮੈਂਬਰ ਹਰਮਨਪ੍ਰੀਤ ਸਿੰਘ ਉਰਫ ਹੈਮੀ ਵਾਸੀ ਮਾਈ ਗੋਦੜੀ ਸਾਹਿਬ ਮੁਹੱਲਾ, ਫਰੀਦਕੋਟ ਨੂੰ ਗ੍ਰਿਫਤਾਰ ਕੀਤਾ ਹੈ। ਪੁਲਸ ਨੇ ਉਸ ਕੋਲੋਂ 1 ਪਿਸਤੌਲ (32 ਬੋਰ) ਅਤੇ ਅਸਲਾ ਬਰਾਮਦ ਕੀਤਾ ਹੈ। ਐੱਸ. ਐੱਸ. ਓ. ਸੀ. ਮੋਹਾਲੀ ਦੇ ਏ. ਆਈ. ਜੀ. ਹਰਮਨਦੀਪ ਸਿੰਘ ਹੰਸ ਨੇ ਦੱਸਿਆ ਕਿ ਪੁਲਸ ਵੱਲੋਂ ਪਹਿਲਾਂ ਲਵਪ੍ਰੀਤ ਸਿੰਘ ਉਰਫ ਗਗਨ ਢਿੱਲੋਂ ਵਾਸੀ ਤਾਲ ਵਾਲੀ ਗਲੀ

ਹੁੱਕੀ ਵਾਲਾ ਚੌਕ ਫਰੀਦਕੋਟ ਨੂੰ ਕਾਬੂ ਕਰ ਕੇ ਉਸ ਦੇ ਕਬਜ਼ੇ ਵਿਚੋਂ 1 ਪਿਸਤੌਲ ਅਤੇ 5 ਜਿ?ਦਾ ਰੌਂਦ ਬਰਾਮਦ ਕੀਤੇ ਗਏ ਸਨ। ਉਨ੍ਹਾਂ ਦੱਸਿਆ ਕਿ ਲਵਪ੍ਰੀਤ ਬੰਬੀਹਾ ਗੈਂਗ ਦਾ ਮੁੱਖ ਸਰਗਣਾ ਸੀ ਅਤੇ ਕੈਨੇਡਾ ਸਥਿਤ ਗੈਂਗਸਟਰ ਪ੍ਰਿੰਸ ਚੌਹਾਨ ਦੇ ਨਿਰਦੇਸ਼ਾਂ 'ਤੇ ਕੰਮ ਕਰ ਰਿਹਾ ਸੀ ਅਤੇ ਪੰਜਾਬ ਦੇ ਕਾਰੋਬਾਰੀਆਂ, ਪ੍ਰਭਾਵਸ਼ਾਲੀ ਵਿਅਕਤੀਆਂ ਅਤੇ ਗਾਇਕਾਂ ਤੋਂ ਫਿਰੌਤੀ ਲੈ ਕੇ ਪੰਜਾਬ ਵਿਚ ਵਸੂਲੀ ਦਾ ਮਾਡਿਊਲ ਚਲਾ ਰਿਹਾ ਹੈ। ਇਸ ਸਬੰਧੀ ਪੁਲਸ ਵੱਲੋਂ ਮਾਮਲਾ ਦਰਜ ਕੀਤਾ ਗਿਆ ਸੀ ਅਤੇ ਤਫਤੀਸ਼ ਦੌਰਾਨ ਹਰਮਨਪ੍ਰੀਤ ਸਿੰਘ ਉਰਫ ਹੈਮੀ ਨੂੰ ਕਾਬੂ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਮੁਲਜ਼ਮ ਹੈਮੀ ਤੋਂ ਮੁੱਢਲੀ ਪੁੱਛਗਿੱਛ ਦੌਰਾਨ ਪਤਾ ਲੱਗਾ ਹੈ ਕਿ ਉਸ ਨੇ ਬੰਬੀਹਾ ਗੈਂਗ ਦੇ ਪ੍ਰਿੰਸ ਚੌਹਾਨ ਦੇ ਇਸ਼ਾਰੇ 'ਤੇ ਕੰਮ ਕਰਦਿਆਂ ਪੰਜਾਬੀ ਮਿਊਜਿ?ਕ ਇੰਡਸਟਰੀ ਵਿਚ ਕੰਮ ਕਰਦੇ ਕੁਝ ਨਾਮੀ ਵਿਅਕਤੀਆਂ ਨੂੰ ਧਮਕੀਆਂ ਦਿੱਤੀਆਂ ਸਨ।

ਫਿਰੋਜਪੁਰ ਜੇਲ੍ਹ 'ਚੋਂ ਤਲਾਸ਼ੀ ਦੌਰਾਨ ਮਿਲੇ 10 ਮੋਬਾਇਲ , ਅਣਪਛਾਤੇ ਵਿਅਕਤੀ ਸਣੇ 10 'ਤੇ ਮਾਮਲਾ ਦਰਜ

ਫਿਰੋਜ਼ਪੁਰ 5 ਅਪ੍ਰੈਲ। ਪਿਛਲੇ ਕਾਫੀ ਸਮੇਂ ਤੋਂ ਫਿਰੋਜ਼ਪੁਰ ਦੀ ਕੇਂਦਰੀ ਜੇਲ੍ਹ ਮੋਬਾਈਲ ਫ਼ੋਨਾਂ ਅਤੇ ਨਸ਼ੀਲੇ ਪਦਾਰਥਾਂ ਦੀ ਬਰਾਮਦਗੀ ਨੂੰ ਲੈ ਕੇ ਸੁਰਖੀਆਂ 'ਚ ਹੈ ਅਤੇ ਬਾਹਰੋਂ ਵੀ ਸ਼ਰਾਰਤੀ ਅਨਸਰ ਮੋਬਾਈਲ ਫ਼ੋਨਾਂ ਅਤੇ ਨਸ਼ੀਲੇ ਪਦਾਰਥਾਂ 'ਚ ਲਪੇਟੇ ਪੈਕਟ ਜੇਲ੍ਹ ਦੇ ਅੰਦਰ ਸੁੱਟ ਰਹੇ ਹਨ। ਫਿਰੋਜ਼ਪੁਰ ਦੀ ਕੇਂਦਰੀ ਜੇਲ੍ਹ ਵਿੱਚ ਇੱਕ ਵਾਰ ਫਿਰ ਵੱਡਾ ਤਲਾਸ਼ੀ ਅਭਿਆਨ ਚਲਾਇਆ ਗਿਆ ਅਤੇ ਇਸ ਕਾਰਵਾਈ ਦੌਰਾਨ ਜੇਲ੍ਹ ਵਿੱਚੋਂ 10 ਮੋਬਾਈਲ ਫ਼ੋਨ ਅਤੇ ਇੱਕ ਚਾਰਜਰ ਬਰਾਮਦ ਕੀਤਾ ਗਿਆ, ਜਿਸ ਸਬੰਧੀ ਥਾਣਾ ਸਿਟੀ ਫਿਰੋਜ਼ਪੁਰ ਦੀ ਪੁਲਿਸ ਨੇ 9 ਹਵਾਲਾਤੀਆਂ ਅਤੇ ਇੱਕ ਅਣਪਛਾਤੇ ਵਿਅਕਤੀ ਖਿਲਾਫ਼ ਮਾਮਲਾ ਦਰਜ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਥਾਣਾ ਸਿਟੀ ਫਿਰੋਜ਼ਪੁਰ ਦੇ ਏ.ਐੱਸ.ਆਈ ਗੁਰਮੇਲ ਸਿੰਘ ਨੇ

ਦੱਸਿਆ ਕਿ ਜੇਲ੍ਹ ਦੇ ਸਹਾਇਕ ਸੁਪਰਡੈਂਟ ਸੁਖਜਿੰਦਰ ਸਿੰਘ ਅਤੇ ਰਿਸ਼ਵ ਪਾਲ ਗੋਇਲ ਵੱਲੋਂ ਥਾਣਾ ਸਿਟੀ ਫਿਰੋਜ਼ਪੁਰ ਦੀ ਪੁਲਿਸ ਨੂੰ ਭੇਜੇ ਲਿਖਤੀ ਪੱਤਰਾਂ ਵਿੱਚ ਦੱਸਿਆ ਗਿਆ ਹੈ ਕਿ ਗੁਪਤ ਸੂਚਨਾ ਦੇ ਆਧਾਰ 'ਤੇ ਜਦੋਂ ਉਨ੍ਹਾਂ ਨੇ ਜੇਲ੍ਹ ਦੀ ਤਲਾਸ਼ੀ ਲਈ ਤਾਂ ਹਵਾਲਾਤੀਆਂ ਤੋਂ ਲਾਵਾਰਿਸ ਹਾਲਤ ਵਿੱਚ ਵੀਵੋ ਟੱਚ ਸਕ੍ਰੀਨ, ਨੋਕੀਆ ਕੀਪੈਡ, ਸੈਮਸੰਗ ਕੀਪੈਡ ਮੋਬਾਈਲ ਫ਼ੋਨ ਅਤੇ ਇੱਕ ਚਾਰਜਰ ਬਰਾਮਦ ਹੋਏ। ਉਨ੍ਹਾਂ ਦੱਸਿਆ ਕਿ ਕਈ ਮੋਬਾਈਲਾਂ ਵਿੱਚ ਸਿਮ ਕਾਰਡ ਵੀ ਹਨ। ਗੁਰਮੇਲ ਸਿੰਘ ਨੇ ਦੱਸਿਆ ਕਿ ਜੇਲ੍ਹ ਪ੍ਰਸ਼ਾਸਨ ਵੱਲੋਂ ਭੇਜੇ ਲਿਖਤੀ ਪੱਤਰਾਂ ਦੇ ਆਧਾਰ 'ਤੇ ਪੁਲਿਸ ਨੇ ਹਵਾਲਾਤੀ ਲਵਪ੍ਰੀਤ ਸਿੰਘ, ਮਿਥੁਨ ਸਿੰਘ ਉਰਫ਼ ਮੀਠੀ, ਹਵਾਲਾਤੀ ਅਰਵਿੰਦਰ, ਰਾਜਨ ਸਿੰਘ, ਰਵਿੰਦਰ ਸਿੰਘ, ਹਵਾਲਾਤੀ ਗੌਤਮ ਸਿੰਘ, ਹਵਾਲਾਤੀ ਵਿਕਰਮ, ਮਨਜੀਤ ਸਿੰਘ, ਹਵਾਲਾਤੀ ਤਲਵਿੰਦਰ ਸਿੰਘ ਅਤੇ ਇਕ ਅਣਪਛਾਤੇ ਵਿਅਕਤੀ ਖਿਲਾਫ ਮਾਮਲੇ ਦਰਜ ਕੀਤੇ ਹਨ ਅਤੇ ਪਤਾ ਲਗਾਇਆ ਜਾ ਰਿਹਾ ਹੈ ਕਿ ਇਹ ਮੋਬਾਇਲ ਫੋਨ ਉਨ੍ਹਾ ਤੱਕ ਕਿਵੇਂ ਪਹੁੰਚੇ।

ਪੰਜਾਬ ਤੋਂ ਬਿਹਾਰ ਭੇਜੀ ਜਾ ਰਹੀ ਸ਼ਰਾਬ ! ਸਖਤ ਕਾਰਵਾਈ ਕਰ ਸਕਦੈ ਚੋਣ ਕਮਿਸ਼ਨ

ਚੰਡੀਗੜ੍ਹ 5 ਅਪ੍ਰੈਲ। ਬਿਹਾਰ ਵਿਚ ਸ਼ਰਾਬ 'ਤੇ ਪਾਬੰਦੀ ਲੱਗ ਚੁੱਕੀ ਹੈ। ਉੱਥੇ ਅੰਦਰਖਾਤੇ ਪੰਜਾਬ ਤੋਂ ਸ਼ਰਾਬ ਮੰਗਵਾਈ ਜਾ ਰਹੀ ਹੈ। ਇਸ ਗੱਲ ਦੀ ਭਿਣਕ ਹੁਣ ਚੋਣ ਕਮਿਸ਼ਨ ਨੂੰ ਵੀ ਲੱਗ ਗਈ ਹੈ ਤੇ ਕਮਿਸ਼ਨ ਨੇ ਇਸ ਵਿਰੁੱਧ ਸਖਤ ਰੁੱਖ ਅਖਤਿਆਰ ਕਰ ਲਿਆ ਹੈ। ਚੋਣ ਕਮਿਸ਼ਨ ਨੂੰ ਖਦਸਾ ਹੈ ਕਿ ਇਸ ਸ਼ਰਾਬ ਦੀ ਵਰਤੋਂ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿਚ ਕੀਤੀ ਜਾ ਸਕਦੀ ਹੈ। ਇਸ ਲਈ ਕਮਿਸ਼ਨ ਨੇ ਪੰਜਾਬ ਤੇ ਬਿਹਾਰ ਦੇ ਅਧਿਕਾਰੀਆਂ ਨੂੰ ਲੋੜੀਂਦੇ ਨਿਰਦੇਸ਼ ਜਾਰੀ ਕੀਤੇ ਹਨ। ਭਾਰਤੀ ਚੋਣ ਕਮਿਸ਼ਨ ਦੀਆਂ ਹਦਾਇਤਾਂ 'ਤੇ ਸੋਮਵਾਰ ਨੂੰ ਪੰਜਾਬ ਦੇ ਮੁੱਖ ਸਕੱਤਰ ਅਨੁਰਾਗ ਵਰਮਾ ਅਤੇ ਬਿਹਾਰ ਦੇ ਮੁੱਖ ਸਕੱਤਰ ਬ੍ਰਿਜੇਸ਼ ਮਲਹੋਤਰਾ ਨੇ ਆਨਲਾਈਨ ਮੀਟਿੰਗ ਕੀਤੀ। ਇਸ ਦੌਰਾਨ ਦੋਹਾਂ ਸੂਬਿਆਂ ਦੇ ਆਬਕਾਰੀ ਵਿਭਾਗ ਦੇ ਅਧਿਕਾਰੀ ਵੀ ਮੌਜੂਦ ਸਨ। ਇਸ ਮੀਟਿੰਗ ਵਿਚ ਬਿਹਾਰ ਦੇ ਅਧਿਕਾਰੀਆਂ ਨੇ ਪੂਰੇ ਸਾਲ ਦੇ ਅੰਕੜੇ ਪੇਸ਼ ਕਰਦਿਆਂ ਕਿਹਾ ਕਿ ਬਿਹਾਰ ਵਿਚ ਦੂਜੇ ਸੂਬਿਆਂ ਤੋਂ ਸ਼ਰਾਬ ਆ ਰਹੀ ਹੈ। ਇਸ ਵਿਚ ਸਭ ਤੋਂ ਵੱਧ 41

ਫੀਸਦੀ ਹਿੱਸਾ ਪੰਜਾਬ ਦਾ ਹੈ। ਇਸ ਤੋਂ ਇਲਾਵਾ ਚੰਡੀਗੜ੍ਹ ਤੋਂ ਵੀ 4 ਫੀਸਦੀ ਸ਼ਰਾਬ ਦੀ ਤਸਕਰੀ ਹੋ ਰਹੀ ਹੈ। ਇਸ ਬਾਰੇ ਬਿਹਾਰ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਜਦੋਂ ਤੋਂ ਸਰਕਾਰ ਨੇ ਆਬਕਾਰੀ ਨੀਤੀ ਵਿਚ ਬਦਲਾਅ ਕੀਤਾ ਹੈ, ਉਦੋਂ ਤੋਂ ਹੀ ਗੁਆਂਢੀ ਸੂਬਿਆਂ ਵਿਚ ਤਸਕਰੀ ਵੱਧ ਗਈ ਹੈ। ਗਰੁੱਪਾਂ ਦਾ ਕੋਟਾ ਵਧਣ ਕਾਰਨ ਪੰਜਾਬ ਤੋਂ ਇਲਾਵਾ ਦੂਜੇ ਸੂਬਿਆਂ ਵਿਚ ਵੀ ਸ਼ਰਾਬ ਦੀ ਤਸਕਰੀ ਕੀਤੀ ਜਾ ਰਹੀ ਹੈ। ਜਿਹੜੇ ਸੂਬੇ ਤੋਂ ਸ਼ਰਾਬ ਦੀ ਡਿਮਾਂਡ ਆ ਰਹੀ ਹੈ, ਉੱਥੇ ਤਸਕਰੀ ਕੀਤੀ ਜਾ ਰਹੀ ਹੈ। ਪੰਜਾਬ ਪੁਲਸ ਦੇ ਇਕ ਸੀਨੀਅਰ ਅਧਿਕਾਰੀ ਨੇ ਵੀ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਉਨ੍ਹਾਂ ਕੋਲ ਪੰਜਾਬ ਤੋਂ ਹੋਣ ਵਾਲੀ ਤਸਕਰੀ ਦੀਆਂ ਕਾਫੀ ਸ਼ਿਕਾਇਤਾਂ ਆ ਰਹੀਆਂ ਹਨ। ਪੰਜਾਬ ਦੇ ਆਬਕਾਰੀ ਵਿਭਾਗ ਦੇ ਇਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਬਿਹਾਰ ਸਰਕਾਰ ਨੇ ਸਾਨੂੰ ਜਿੰਨੇ ਵੀ ਕੇਸ ਭੇਜੇ ਹਨ, ਉਨ੍ਹਾਂ ਦੇ ਹੋਲੋਗ੍ਰਾਮ ਤੇ ਬਾਰ ਕੋਡ ਰਾਹੀਂ ਉਨ੍ਹਾਂ ਮਾਮਲਿਆਂ ਨੂੰ ਟ੍ਰੇਸ ਕੀਤਾ ਗਿਆ ਹੈ। ਪੁਲਸ ਵੱਲੋਂ ਅਜਿਹੇ ਗਰੁੱਪਾਂ ਦੇ ਲਾਇਸੰਸ ਵੀ ਰੱਦ ਕਰ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਬਿਹਾਰ ਸਰਕਾਰ ਦੇ ਅਧਿਕਾਰੀ ਸਾਡੀ ਕਾਰਵਾਈ ਤੋਂ ਸੰਤੁਸ਼ਟ ਹਨ।

ਮੈਜਿਸਟ੍ਰੇਟ ਨੇ ਜਬਰ-ਜਿ?ਨਾਹ ਪੀੜਤਾ ਨੂੰ ਜਖਮ ਵਿਖਾਉਣ ਲਈ ਕੱਪੜੇ ਉਤਾਰਨ ਲਈ ਕਿਹਾ

ਨਵੀਂ

ਜਲੰਧਰ ਲੋਕ ਸਭਾ ਜਿਮਨੀ ਚੋਣ ਵਿਚ ਨੀਟੂ ਸ਼ਟਰਾਂਵਾਲੇ ਨੇ ਤੋੜੇ ਰਿਕਾਰਡ, ਪਈਆਂ ਰਿਕਾਰਡ ਵੋਟਾਂ

ਜਲੰਧਰ 5 ਅਪ੍ਰੈਲ। ਜਲੰਧਰ ਲੋਕ ਸਭਾ ਜ਼ਿਮਨੀ ਚੋਣ ਵਿਚ ਆਮ ਆਦਮੀ ਪਾਰਟੀ ਨੇ ਭਾਵੇਂ ਵੱਡੀ ਜਿੱਤ ਹਾਸਲ ਕੀਤੀ ਹੈ ਪਰ ਆਜਾਦ ਉਮੀਦਵਾਰ ਦੇ ਤੌਰ 'ਤੇ ਮੈਦਾਨ ਵਿਚ ਉਤਰੇ ਨੀਟੂ ਸ਼ਟਰਾਂਵਾਲੇ ਨੂੰ ਵੀ ਇਸ ਵਾਰ ਕਾਫੀ ਵੋਟਾਂ ਹਾਸਲ ਹੋਈਆਂ ਹਨ। ਨੀਟੂ ਸ਼ਰਟਾਂਵਾਲੇ ਨੂੰ 4599 ਲੋਕਾਂ ਨੇ ਵੋਟ ਕੀਤੀ। ਇਹ ਵੋਟਾਂ ਨੀਟੂ ਦੇ ਚੋਣ ਇਤਿਹਾਸ ਦੀਆਂ ਹੁਣ ਤਕ ਦੀਆਂ ਸਭ ਤੋਂ ਵੱਧ ਵੋਟਾਂ ਹਨ। ਉਂਝ ਜਲੰਧਰ ਜ਼ਿਮਨੀ ਚੋਣ ਵਿਚ ਕੁੱਲ 8 ਉਮੀਦਵਾਰ ਆਜਾਦ ਤੌਰ 'ਤੇ ਚੋਣ ਮੈਦਾਨ ਵਿਚ ਉਤਰੇ ਸਨ, ਜਿਨ੍ਹਾਂ ਵਿਚ ਨੀਟੂ ਸ਼ਟਰਾਂਵਾਲੇ ਨੂੰ ਸਭ ਤੋਂ ਵੱਧ 4599 ਵੋਟਾਂ ਮਿਲੀਆਂ ਹਨ। ਇਸ ਤੋਂ ਇਲਾਵਾ 6656 ਵੋਟਰਾਂ ਨੇ ਨੋਟਾ ਵਾਲੇ ਬਟਨ ਦੀ ਵਰਤੋਂ ਕੀਤੀ ਹੈ। ਚੋਣ ਨਤੀਜੇ ਦੇਖ ਕੇ ਨੀਟੂ ਸ਼ਟਰਾਂਵਾਲਾ ਫਿਰ ਰੋ ਪਿਆ।

ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਨੀਟੂ ਨੇ ਕਿਹਾ ਕਿ ਉਹ ਵੋਟਰਾਂ ਤੋਂ ਬਹੁਤ ਖੁਸ਼ ਹੈ। ਉਸ ਨੇ ਕਿਹਾ ਕਿ ਇਸ ਵਾਰ ਲੋਕਾਂ ਵਲੋਂ ਮਿਲੇ ਹੁੰਗਾਰੇ ਤੋਂ ਬੜੀ ਖੁਸ਼ੀ ਮਿਲੀ ਹੈ, ਚੱਲੋ ਇਸ ਵਾਰ ਬਦਲਾਅ ਤਾਂ ਆਵੇਗਾ। ਇਸ ਵਾਰ ਨਾ ਜਿੱਤਾਂਗੇ ਤਾਂ ਅਗਲੀ ਵਾਰ ਹੀ ਸਹੀ। ਨੀਟੂ ਨੇ ਕਿਹਾ ਕਿ 2024 ਵਿਚ ਹੋਣ ਵਾਲੀਆਂ ਲੋਕ ਸਭਾ ਚੋਣਾਂ ਵਿਚ ਪੰਜਾਬ ਦੀਆਂ 13 ਦੀਆਂ 13 ਸੀਟਾਂ 'ਤੇ ਘਰ ਦੇ ਜਿੰਨੇ ਵੀ ਮੈਂਬਰ ਹਨ, ਆਜਾਦ ਤੌਰ 'ਤੇ ਉਤਾਰੇ ਜਾਣਗੇ। ਪੂਰੇ ਪੰਜਾਬ ਵਿਚ ਸਾਰੇ ਮੈਂਬਰ ਖੜ੍ਹੇ ਕਰਾਂਗੇ। ਉਸ ਨੇ ਕਿਹਾ ਕਿ ਭਾਵੇਂ ਆਪਾਂ ਹਾਰ ਜਾਈਏ ਪਰ ਲੱਡੂ ਜਰੂਰ ਵੰਡਾਂਗੇ।

ਪ੍ਰੇਮ ਸਬੰਧਾਂ ਨੂੰ ਲੈ ਕੇ ਨੌਜਵਾਨ ਦਾ ਕਤਲ, ਪ੍ਰੇਮਿਕਾ ਤੇ ਉਸ ਦੇ ਮਾਂ-ਪਿਓ ਖ਼ਿਲਾਫ ਮਾਮਲਾ ਦਰਜ

ਫਿਰੋਜ਼ਪੁਰ 5 ਅਪ੍ਰੈਲ। ਫਿਰੋਜ਼ਪੁਰ ਪਿੰਡ ਰਹੀਮ ਕੇ ਉਤਾਖ ਵਿਖੇ ਇਕ ਮੁੰਡੇ ਦਾ ਕਥਿਤ ਰੂਪ 'ਚ ਕਤਲ ਕਰਨ ਦੇ ਦੋਸ਼ 'ਚ ਥਾਣਾ ਮਮਦੋਟ ਦੀ ਪੁਲਸ ਨੇ ਮ੍ਰਿਤਕ ਮੁੰਡੇ ਦੇ ਪਿਤਾ ਦੇ ਬਿਆਨਾਂ 'ਤੇ ਇਕ ਕੁੜੀ ਅਮਰਜੀਤ ਕੌਰ, ਉਸਦੇ ਪਿਤਾ ਪ੍ਰੇਮ ਸਿੰਘ ਅਤੇ ਮਾਤਾ ਸੋਮਾ ਰਾਣੀ ਖ਼ਿਲਾਫ ਕਤਲ ਦਾ ਮਾਮਲਾ ਦਰਜ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਥਾਣਾ

ਮਮਦੋਟ ਦੇ ਐੱਸ. ਐੱਚ. ਓ. ਸਬ-ਇੰਸਪੈਕਟਰ ਜਸਪਾਲ ਸਿੰਘ ਨੇ ਦੱਸਿਆ ਕਿ ਸ਼ਿਕਾਇਤਕਰਤਾ ਬੁੱਧ ਸਿੰਘ ਪੁੱਤਰ ਸੁੱਚਾ ਸਿੰਘ ਨੇ ਪੁਲਸ ਨੂੰ ਦਿੱਤੇ ਬਿਆਨਾਂ 'ਚ ਦੱਸਿਆ ਹੈ ਕਿ ਉਸ ਦੇ ਮੁੰਡੇ ਗੁਰਪ੍ਰੀਤ ਸਿੰਘ (23) ਦੇ ਅਮਰਜੀਤ ਕੌਰ ਪੁੱਤਰੀ ਪ੍ਰੇਮ ਸਿੰਘ ਨਾਲ ਪ੍ਰੇਮ ਸਬੰਧ ਸਨ। ਗੁਰਪ੍ਰੀਤ ਸਿੰਘ 9 ਮਈ 2023 ਦੀ ਸ਼ਾਮ ਨੂੰ ਆਪਣੇ ਮੋਟਰਸਾਈਕਲ 'ਤੇ ਪਿੰਡ ਛਾਂਗਾ ਖੁਰਦ ਵੱਲ ਗਿਆ ਸੀ, ਜੋ ਕਿ ਕਾਫੀ ਹਨੇਰਾ ਹੋਣ ਤੱਕ ਵਾਪਸ ਨਹੀਂ ਪਰਤਿਆ ਤਾਂ ਜਦੋਂ ਉਸ ਦੀ ਭਾਲ ਕੀਤੀ ਗਈ ਤਾਂ ਉਸ ਦੀ ਲਾਸ਼ ਸੜਕ ਦੇ ਕਿਨਾਰੇ ਪਈ ਮਿਲੀ। ਫਿਰ ਉਸ ਨੂੰ ਨਿੱਜੀ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਸ਼ਿਕਾਇਤਕਰਤਾ ਅਨੁਸਾਰ ਉਹ ਉਸ ਸਮੇਂ ਘਬਰਾਹਟ ਵਿਚ ਸੀ, ਜਿਸ ਕਾਰਨ ਉਹ ਆਪਣੇ ਮੁੰਡੇ ਨੂੰ ਘਰ ਲੈ ਆਇਆ ਅਤੇ ਫਿਰ ਉਸ ਨੂੰ ਸਿਵਲ ਹਸਪਤਾਲ ਮਮਦੋਟ ਲੈ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ।

ਫਤਿਹਗੜ੍ਹ ਸਾਹਿਬ 'ਚ ਦਿਨ ਦਿਹਾੜੇ ਹੋਈ 40 ਲੱਖ ਰੁਪਏ ਦੀ ਲੁੱਟ ਦੇ ਮਾਮਲੇ 'ਚ ਸਨਸਨੀਖੇਜ ਖੁਲਾਸਾ

ਫਤਿਹਗੜ੍ਹ ਸਾਹਿਬ 5 ਅਪ੍ਰੈਲ। ਸੇਰਸਾਹ ਸੂਰੀ ਮਾਰਗ 'ਤੇ ਸਥਿਤ ਇਕ ਪੈਟਰੋਲ ਪੰਪ ਦੇ ਕਾਰਿੰਦਿਆਂ ਤੋਂ 40 ਲੱਖ ਤੋਂ ਵੱਧ ਦੀ ਰਾਸੀ ਦੀ ਲੁੱਟ ਦੀ ਹੋਈ ਵਾਰਦਾਤ ਨੂੰ ਜ਼ਿਲ੍ਹਾ

ਫਹਿਤਗੜ੍ਹ ਸਾਹਿਬ ਨੇ ਮਹਿਜ 48 ਘੰਟਿਆਂ 'ਚ ਹੱਲ ਕਰਨ ਦਾ ਦਾਅਵਾ ਕੀਤਾ ਹੈ। ਇੱਥੇ ਜ਼ਿਲ੍ਹਾ ਪੁਲਸ ਮੁਖੀ ਡਾ. ਰਵਜੋਤ ਗਰੇਵਾਲ ਪ੍ਰੈੱਸ ਕਾਨਫਰੰਸ ਦੌਰਾਨ ਦੱਸਿਆ ਕਿ ਪੰਜਾਬ ਪੁਲਸ ਮੁਖੀ ਗੌਰਵ ਯਾਦਵ ਦੇ ਦਿਸਾ-ਨਿਰਦੇਸਾਂ ਅਨੁਸਾਰ ਜ਼ਿਲ੍ਹੇ 'ਚ 29 ਮਈ ਨੂੰ ਪੈਟਰੋਲ ਪੰਪ ਦੇ ਨੇੜੇ ਬਾ-ਹੱਦ ਪਿੰਡ ਭੱਟਮਾਜਰਾ ਤੋਂ ਹੱਥਿਆਰਾਂ ਦੀ ਨੋਕ 'ਤੇ ਹੋਈ ਸਨਸਨੀਖੇਜ 40.79 ਲੱਖ ਰੁਪਏ ਦੀ ਵਾਰਦਾਤ ਨੂੰ ਮਹਿਜ 48 ਘੰਟਿਆ 'ਚ ਹੀ ਟਰੇਸ ਕਰਨ ਵਿਚ ਸਫਲਤਾ ਹਾਸਲ ਕੀਤੀ ਗਈ। ਜਿਸ ਨੂੰ ਟਰੇਸ ਕਰਨ ਲਈ ਉਨ੍ਹਾਂ ਵੱਲੋਂ ਏ.ਜੀ.ਟੀ.ਐੱਫ. ਪੰਜਾਬ ਅਤੇ ਜ਼ਿਲ੍ਹਾ ਪੁਲਸ ਦੀਆਂ ਟੀਮਾਂ ਦਾ ਗਠਨ ਕੀਤਾ ਗਿਆ। ਜਿਨ੍ਹਾਂ ਦੀ ਅਗਵਾਈ ਐੱਸ. ਪੀ. (ਆਈ.) ਰਕੇਸ ਕੁਮਾਰ ਯਾਦਵ ਅਤੇ ਸਬ ਡਵੀਜਨ ਫਤਿਹਗੜ੍ਹ ਸਾਹਿਬ ਦੇ ਡੀ. ਐੱਸ. ਪੀ. ਸੁਖਵੀਰ ਸਿੰਘ ਵੱਲੋਂ ਕੀਤੀ ਗਈ ਅਤੇ ਇਸ ਵਾਰਦਾਤ ਸਬੰਧੀ ਦਰਜ ਮਾਮਲੇ ਦੀਆ ਧਾਰਾਵਾਂ 'ਚ ਵਾਧਾ ਕੀਤਾ ਗਿਆ ਸੀ। ਉਨ੍ਹਾਂ ਅੱਗੇ ਦੱਸਿਆ ਕਿ ਪੁਲਸ ਟੀਮਾਂ ਨੂੰ ਕਥਿਤ ਮੁਲਜਮਾਂ ਸਬੰਧੀ ਜਾਣਕਾਰੀ ਮਿਲਣ ਤੋਂ ਬਾਅਦ ਫਤਿਹਗੜ੍ਹ ਸਾਹਿਬ ਪੁਲਸ ਤੇ ਏ.ਜੀ.ਟੀ.ਐੱਫ. ਦੇ ਸਾਂਝੇ ਆਪਰੇਸਨ 'ਚ 2 ਕਥਿਤ ਆਰੋਪੀ ਗੁਰਪ੍ਰੀਤ ਸਿੰਘ ਅਤੇ ਹਰਪ੍ਰੀਤ ਸਿੰਘ ਨੂੰ 32 ਬੋਰ ਪਿਸਤੋਲ ਅਤੇ ਜਿੰਦਾ ਰੌਂਦਾ ਨਾਲ ਗ੍ਰਿਫਤਾਰ ਕੀਤਾ ਗਿਆ। ਇਨ੍ਹਾਂ ਦੋਵਾਂ ਦੀ ਗ੍ਰਿਫਤਾਰੀ ਤੋਂ ਬਾਅਦ ਹੋਏ ਖੁਲਾਸੇ 'ਚ ਪੈਟਰੋਲ ਪੰਪ ਦੇ ਸਾਬਕਾ ਮੈਨੇਜਰ ਵਿਕਰਮਜੀਤ ਸਿੰਘ ਵਾਸੀ ਟਾਂਗਰਾ ਜ਼ਿਲ੍ਹਾ ਅੰਮ੍ਰਿਤਸਰ ਨੂੰ ਗ੍ਰਿਫਤਾਰ ਕਰਕੇ 40.79 ਲੱਖ ਰੁਪਿਆਂ 'ਚੋਂ 33,73,000/- ਰੁਪਏ ਉਸ ਦੇ ਘਰੋਂ (ਟਾਂਗਰਾ) ਤੋਂ ਬਰਾਮਦ ਕਰ ਲਏ ਗਏ। ਉਨ੍ਹਾਂ ਅੱਗੇ ਦੱਸਿਆ ਕਿ ਹੁਣ ਤੱਕ ਦੀ ਤਫਤੀਸ ਤੋਂ ਇਹ ਗੱਲ ਸਾਹਮਣੇ ਆਈ ਹੈ ਕਿ ਗ੍ਰਿਫਤਾਰ ਆਰੋਪੀ ਵਿਕਰਮਜੀਤ ਸਿੰਘ ਇਸ ਪੈਟਰੋਲ ਪੰਪ ਨੂੰ ਬਤੌਰ ਮੈਨੇਜਰ ਚਲਾ ਰਿਹਾ ਸੀ ਜੋ 30 ਅਪ੍ਰੈਲ ਨੂੰ ਉਸਦਾ ਐਗਰੀਮੈਂਟ ਖਤਮ ਹੋਣ ਤੋਂ ਬਾਅਦ ਨਵੇਂ ਵਿਅਕਤੀ ਨੂੰ ਇਸ ਪੰਪ ਦਾ ਚਾਰਜ ਦੇ ਦਿੱਤਾ ਗਿਆ ਸੀ। ਜਿਸ ਨੇ ਇਸ ਗੱਲ ਦੀ ਰੰਜਿਸ ਰੱਖਦਿਆਂ ਪੈਟਰੋਲ ਪੰਪ 'ਤੇ ਆਪਣੇ ਸਾਥੀਆਂ ਸਣੇ ਲੁੱਟ ਦੀ ਵਾਰਦਾਤ ਨੂੰ ਅੰਜਾਮ ਦੇਣ ਦੀ ਯੋਜਨਾ ਬਣਾਈ। ਐੱਸ.ਐੱਸ.ਪੀ. ਡਾ. ਗਰੇਵਾਲ ਨੇ ਅੱਗੇ ਦੱਸਿਆ ਕਿ ਕਥਿਤ ਮੁਲਜਮ ਵਿਕਰਮਜੀਤ ਸਿੰਘ ਨੂੰ ਪੰਪ ਦੇ ਸਾਰੇ ਕੈਸ ਦੇ ਆਉਣ ਜਾਣ ਅਤੇ ਪੰਪ 'ਤੇ ਕਦੋਂ ਜ਼ਿਆਦਾ ਕੈਸ ਇਕੱਠਾ ਹੁੰਦਾ ਹੈ, ਬਾਰੇ ਪੂਰੀ ਜਾਣਕਾਰੀ ਸੀ। ਇਸ ਗੱਲ ਦਾ ਭੇਤੀ ਹੋਣ ਕਾਰਨ ਇਸ ਨੇ ਆਪਣੇ ਪੰਜ ਸਾਥੀਆਂ ਨਾਲ ਮਿਲ ਕੇ ਇਸ ਲੁੱਟ ਦੀ ਵਾਰਦਾਤ ਨੂੰ ਅੰਜਾਮ ਦਿੱਤਾ। ਇਸ ਲੁੱਟ ਦੀ ਵਾਰਦਾਤ 'ਚ ਕੁੱਲ 6 ਦੋਸੀਆਂ 'ਚੋਂ 3 ਦੋਸੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ਅਤੇ ਰਹਿੰਦੇ 3 ਦੋਸੀਆਂ ਨੂੰ ਗ੍ਰਿਫਤਾਰ ਕਰਨ ਲਈ ਲਗਾਤਾਰ ਛਾਪੇਮਰੀ ਹੋਈ। ਜਿਨ੍ਹਾਂ ਨੂੰ ਜਲਦ ਹੀ ਗ੍ਰਿਫਤਾਰ ਕਰਕੇ ਕਾਨੂੰਨ ਅਨੁਸਾਰ ਬਣਦੀ ਕਾਰਵਾਈ ਕੀਤੀ ਜਾਵੇਗੀ।

ਪੰਜਾਬ 'ਚ ਬਿਜਲੀ ਮਹਿੰਗੀ ਹੋਣ ਦੀਆਂ ਚਰਚਾਵਾਂ ਦੌਰਾਨ ਬਿਜਲੀ ਮੰਤਰੀ ਦਾ ਵੱਡਾ ਬਿਆਨ

ਮੋਗਾ 5 ਅਪ੍ਰੈਲ। ਪੰਜਾਬ ਦੇ ਬਿਜਲੀ ਤੇ ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈ. ਟੀ. ਓ. ਨੇ ਬਿਜਲੀ ਦਰਾਂ ਵਿਚ 65 ਪੈਸੇ ਦਾ ਵਾਧਾ ਕਰਨ ਦੀ ਖਬਰ ਦਾ ਖੰਡਨ ਕਰਦਿਆਂ ਸਪੱਸ਼ਟ ਕੀਤਾ ਹੈ ਕਿ ਪੰਜਾਬ ਵਿਚ ਬਿਜਲੀ ਮਹਿੰਗੀ ਕਰਨ ਦਾ ਅਜੇ ਕੋਈ ਪ੍ਰਸਤਾਵ ਨਹੀਂ ਹੈ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਸਰਕਾਰ ਸੂਬੇ ਨੂੰ ਸਹੀ ਅਰਥਾਂ ਵਿਚ ਰੰਗਲਾ ਪੰਜਾਬ ਬਣਾਉਣ ਲਈ ਯਤਨਸੀਲ ਹੈ। ਉਹ ਅੱਜ ਇੱਥੇ ਇੱਕ ਨਿੱਜੀ ਸਕੂਲ ਦੇ ਸਮਾਗਮ ਵਿਚ ਸ਼ਾਮਲ ਹੋਣ ਲਈ ਪੁੱਜੇ ਸਨ। ਕੈਬਨਿਟ ਮੰਤਰੀ ਨੇ ਕਿਹਾ ਕਿ ਜਦੋਂ ਦੀ ਪੰਜਾਬ ਵਿਚ 'ਆਪ' ਸਰਕਾਰ ਬਣੀ ਹੈ, ਉਦੋਂ ਤੋਂ ਇਕ ਵਾਰ ਵੀ ਬਿਜਲੀ ਮਹਿੰਗੀ ਨਹੀਂ ਕੀਤੀ ਗਈ

ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਬਿਜਲੀ ਮੁਫ਼ਤ ਕੀਤਿਆਂ 17 ਮਹੀਨੇ ਤੋਂ ਵੱਧ ਸਮਾਂ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਨੇ ਆਪਣੀ ਪਹਿਲੀ ਚੋਣ ਗਾਰੰਟੀ ਮੁਫਤ ਬਿਜਲੀ ਯੂਨਿਟਾਂ ਦੇ ਕੇ ਪੂਰੀ ਕੀਤੀ ਸੀ। ਜਦੋਂ 'ਆਪ' ਸਰਕਾਰ ਸੱਤਾ ਵਿਚ ਆਈ ਸੀ ਤਾਂ ਪਾਵਰਕੌਮ 1880 ਕਰੋੜ ਰੁਪਏ ਦੇ ਘਾਟੇ ਵਿਚ ਚੱਲ ਰਹੀ ਸੀ ਪਰ 'ਆਪ' ਸਰਕਾਰ ਦੇ ਕਾਰਗਰ ਉਪਰਾਲਿਆਂ ਨੇ ਅੱਜ ਪਾਵਰਕੌਮ ਨੂੰ 564 ਕਰੋੜ ਰੁਪਏ ਦੇ ਮੁਨਾਫੇ ਵਿਚ ਪਹੁੰਚਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਬੁਨਿਆਦੀ ਢਾਂਚੇ ਨੂੰ ਮਜਬੂਤ ਕਰਨ ਦੇ ਉਪਰਾਲੇ ਲਗਾਤਾਰ ਜਾਰੀ ਹਨ। ਇਸ ਮੌਕੇ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ, ਵਿਧਾਇਕ ਮਨਜੀਤ ਸਿੰਘ ਬਿਤਲਾਸਪੁਰ, ਨਗਰ ਨਿਗਮ ਦੇ ਮੇਅਰ ਬਲਜੀਤ ਸਿੰਘ ਚਾਨੀ, ਮਾਰਕੀਟ ਕਮੇਟੀ ਦੇ ਚੇਅਰਮੈਨ ਹਰਜਿੰਦਰ ਸਿੰਘ ਰੋਡੇ ਤੇ ਹੋਰ ਪਤਵੰਤੇ ਹਾਜਰ ਸਨ।

ਕੋਰੀਅਰ ਰਾਹੀਂ ਨਸ਼ੀਲੀਆਂ ਗੋਲੀਆਂ ਸਪਲਾਈ ਕਰਨ ਵਾਲੇ ਮੈਡੀਕਲ ਸਟੋਰ ਦੇ ਮਾਲਕ ਸਣੇ 3 ਮੁਲਜਮ ਗ੍ਰਿਫਤਾਰ

ਨਵਾਂਸ਼ਹਿਰ 5 ਅਪ੍ਰੈਲ। ਨਵਾਂਸ਼ਹਿਰ ਦੀ ਪੁਲਸ ਨੇ ਉੱਤਰ ਪ੍ਰਦੇਸ਼ ਦੇ ਸਿਕੋਹਾਬਾਦ ਤੋਂ ਕੋਰੀਅਰ ਰਾਹੀਂ ਨਸ਼ੇ ਵਾਲੇ ਪਦਾਰਥਾਂ ਦੀ ਸਪਲਾਈ ਦਾ ਰੈਕੇਟ ਚਲਾ ਰਹੇ ਮੈਡੀਕਲ ਸਟੋਰ ਮਾਲਕ ਸਣੇ 3

ਵਿਅਕਤੀਆਂ ਨੂੰ ਕਾਬੂ ਕਰਕੇ 30,270 ਨਸ਼ੇ ਵਾਲੀਆਂ ਗੋਲੀਆਂ ਅਤੇ 20 ਹਜਾਰ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਹੈ। ਐੱਸ. ਐੱਸ. ਪੀ. ਡਾ. ਅਖਿਲ ਚੌਧਰੀ ਨੇ ਦੱਸਿਆ ਕਿ ਮੁਲਜ਼ਮ ਦਲੀਪ ਕੁਮਾਰ ਉਰਫ਼ ਦੀਪ ਵਾਸੀ ਬੰਗਾ ਨੂੰ ਪੁਲਸ ਥਾਣਾ ਸਿਟੀ ਬੰਗਾ ਨੇ 270 ਨਸ਼ੇ ਵਾਲੀਆਂ ਗੋਲੀਆਂ ਸਮੇਤ ਕਾਬੂ ਕੀਤਾ ਹੈ। ਡਾ. ਚੌਧਰੀ ਨੇ ਦੱਸਿਆ ਕਿ ਉਕਤ ਦੋਸ਼ੀ ਕੋਲੋਂ ਪੁੱਛਗਿੱਛ ਦੌਰਾਨ ਸੁਖਵਿੰਦਰ ਸਿੰਘ ਉਰਫ ਬਿੰਦਾ ਵਾਸੀ ਪਿੰਡ ਲਕਸੀਹਾ ਥਾਣਾ ਮਾਹਿਲਪੁਰ ਜੋਕਿ ਨਸ਼ੇ ਦਾ ਧੰਦਾ ਕਰਦਾ ਹੈ ਅਤੇ ਈਸਾਪੁਰ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਮੈਡੀਕਲ ਸਟੋਰ ਚਲਾਉਂਦਾ ਹੈ, ਨੂੰ ਰੇਡ ਕਰਕੇ 20 ਹਜ਼ਾਰ ਰੁਪਏ ਡਰੱਗ ਮਨੀ ਸਮੇਤ ਕਾਬੂ ਕੀਤਾ ਹੈ। ਉਕਤ ਦੋਸ਼ੀ ਦੀ ਤਫ਼ਤੀਸ਼ ਦੌਰਾਨ ਦੋਸ਼ੀ ਫਿਗਰ ਹੋਏ ਅੰਕਿਤ ਅਗਰਵਾਲ ਵਾਸੀ ਫਿਰੋਜ਼ਾਬਾਦ ਜ਼ਿਲ੍ਹਾ ਫਿਰੋਜ਼ਾਬਾਦ (ਯੂ.ਪੀ.) ਜੋਕਿ ਸਿਕੋਹਾਬਾਦ ਵਿਖੇ ਮੈਡੀਕਲ ਸਟੋਰ ਚਲਾਉਂਦਾ ਹੈ, 'ਚ ਛਾਪਾ ਮਾਰ ਕੇ ਨਸ਼ੇ ਵਾਲੀਆਂ ਦਵਾਈਆਂ ਵੱਜੋਂ ਵਰਤੀਆਂ ਜਾਣ ਵਾਲੀਆਂ 3 ਹਜ਼ਾਰ ਗੋਲੀਆਂ ਸਮੇਤ ਗ੍ਰਿਫਤਾਰ ਕੀਤਾ ਗਿਆ। ਐੱਸ. ਐੱਸ. ਪੀ. ਡਾ. ਚੌਧਰੀ ਨੇ ਦੱਸਿਆ ਕਿ ਗ੍ਰਿਫਤਾਰ ਕੀਤੇ ਗਏ ਦੋਸ਼ੀ ਉੱਤਰ ਪ੍ਰਦੇਸ਼ ਤੋਂ ਕੋਰੀਅਰ ਰਾਹੀਂ ਨਸ਼ੇ ਵਾਲੀਆਂ ਗੋਲੀਆਂ ਪਹੁੰਚਾਉਂਦੇ ਸਨ ਅਤੇ ਬੈਂਕ ਐਂਟਰੀ ਤੋਂ ਪੈਸੇ ਲੈਂਦੇ ਰਹੇ ਸਨ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਪੁਲਸ ਨੇ ਅੰਤਰਰਾਜੀ ਨਸ਼ਿਆਂ ਦੇ ਵਪਾਰ ਦੀ ਲੜੀ ਨੂੰ ਤੋੜਨ ਵਿਚ ਸਫਲਤਾ ਹਾਸਲ ਕੀਤੀ ਹੈ। ਇਥੇ ਇਹ ਵੀ ਦੱਸਣਯੋਗ ਹੈ ਕਿ ਜਿਨ੍ਹਾਂ ਮਾਮਲਿਆਂ ਵਿਚ ਸਪਲਾਇਰ ਕਿਸੇ ਹੋਰ ਸੂਬੇ ਦਾ ਸੀ, ਉਸ ਦਾ ਨਾਂ ਪੁਲਸ ਕਾਰਵਾਈ ਵਿਚ ਸਾਹਮਣੇ ਆਇਆ ਸੀ ਪਰ ਉਸ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਜਾ ਸਕਿਆ ਪਰ ਇਸ ਮਾਮਲੇ ਵਿਚ ਪੁਲਸ ਨੇ ਉੱਤਰ ਪ੍ਰਦੇਸ਼ ਵਿਚ ਨਸ਼ੇ ਵਾਲੀਆਂ ਗੋਲੀਆਂ ਸਪਲਾਈ ਕਰਨ ਵਾਲੇ ਦੋਸ਼ੀ ਨੂੰ ਗ੍ਰਿਫ਼ਤਾਰ ਕਰਨ ਵਿਚ ਸਫਲਤਾ ਹਾਸਲ ਕੀਤੀ ਹੈ। ਉਕਤ ਸਪਲਾਇਰ ਅੰਕਿਤ ਅਗਰਵਾਲ ਹੁਸ਼ਿਆਰਪੁਰ ਦੇ ਰਹਿਣ ਵਾਲੇ ਸੁਖਵਿੰਦਰ ਸਿੰਘ ਉਰਫ਼ ਬਿੰਦਾ ਨੂੰ ਕੋਰੀਅਰ ਰਾਹੀਂ ਸਪਲਾਈ ਕਰਦਾ ਸੀ ਅਤੇ ਇਹ ਸਪਲਾਈ ਸੁਖਵਿੰਦਰ ਅੱਗੇ ਕਰਦਾ ਸੀ। ਡਾ. ਅਖਿਲ ਚੌਧਰੀ ਨੇ ਦੱਸਿਆ ਕਿ ਗ੍ਰਿਫਤਾਰ ਦੋਸ਼ੀਆਂ ਨੂੰ ਅਦਾਲਤ 'ਚ ਪੇਸ਼ ਕਰਨ ਉਪਰੰਤ ਉਨ੍ਹਾਂ ਨੂੰ ਨਿਆਇਕ ਹਿਰਾਸਤ 'ਚ ਜੇਲ੍ਹ ਭੇਜ ਦਿੱਤਾ ਗਿਆ ਹੈ। ਇਸ ਸਮੇਂ ਐੱਸ. ਪੀ. (ਇੰਵੈਸਟੀਗੇਸ਼ਨ) ਮੁਕੇਸ਼ ਸ਼ਰਮਾ, ਡੀ. ਐੱਸ. ਪੀ. ਪ੍ਰੇਮ ਕੁਮਾਰ, ਡੀ. ਐੱਸ. ਪੀ. ਸਰਵਣ ਸਿੰਘ ਬੱਲ ਅਤੇ ਐੱਸ. ਐੱਚ. ਓ. ਸੁਭਾਸ਼ ਚੰਦਰ ਹਾਜ਼ਰ ਸਨ।

ਭਿਆਨਕ ਹਾਦਸੇ ਨੇ ਉਜਾੜ ਕੇ ਰੱਖ ਦਿੱਤਾ ਪਰਿਵਾਰ

ਬੁਢਲਾਡਾ 5 ਅਪ੍ਰੈਲ। ਨੈਸ਼ਨਲ ਹਾਈਵੇਅ 'ਤੇ ਬੇਸਹਾਰਾ ਪਸ਼ੂ ਦੀ ਫੇਟ ਕਾਰਨ ਕਾਰ ਚਾਲਕ ਨੌਜਵਾਨ ਦੀ ਮੌਤ ਹੋ ਗਈ ਜਦਕਿ ਉਸਦਾ ਸਾਥੀ ਜਖਮੀ ਹੋ ਗਿਆ। ਇਕੱਤਰ ਕੀਤੀ ਜਾਣਕਾਰੀ ਅਨੁਸਾਰ ਬੀਤੀ ਸ਼ਾਮ ਬਰੇਟਾ ਤੋਂ ਬੁਢਲਾਡਾ ਨੈਸ਼ਨਲ ਹਾਈਵੇਅ 'ਤੇ ਗੁਰੂ ਨਾਨਕ ਕਾਲਜ ਪੁੱਲ 'ਤੇ ਵਰਨਾ ਕਾਰ ਦੀ ਬੇਸਹਾਰਾ ਪਸ਼ੂ ਅੱਗੇ ਆਉਣ ਕਾਰਨ ਟੱਕਰ ਹੋ ਗਈ। ਇਸ ਹਾਦਸੇ ਵਿਚ ਕਾਰ ਬੁਰੀ ਤਰ੍ਹਾਂ ਨੁਕਸਾਨੀ ਗਈ। ਮੌਕੇ 'ਤੇ ਰਾਹਗੀਰਾਂ ਵੱਲੋਂ ਜਖਮੀ ਕਾਰ ਸਵਾਰਾਂ ਨੂੰ ਸਰਕਾਰੀ ਹਸਪਤਾਲ 'ਚ ਪਹੁੰਚਾਇਆ ਗਿਆ।

ਇੰਡਸਟਰੀਲਿਸਟ ਨੂੰ ਵਿਦੇਸ਼ ਤੋਂ ਆਈ 5 ਕਰੋੜ ਦੀ ਫਿਰੌਤੀ ਲਈ ਕਾਲ

ਜਲੰਧਰ 5 ਅਪ੍ਰੈਲ। ਸ਼ਹਿਰ ਦੇ ਇਕ ਇੰਡਸਟਰੀਲਿਸਟ ਨੂੰ ਵਿਦੇਸ਼ੀ ਨੰਬਰ ਤੋਂ ਫੋਨ ਕਰਨ ਵਾਲੇ ਅਣਪਛਾਤੇ ਵਿਅਕਤੀ ਨੇ 5 ਕਰੋੜ ਰੁਪਏ ਦੀ ਫਿਰੌਤੀ ਮੰਗੀ

ਐਸ ਐਸ ਪੀ ਪਟਿਆਲਾ ਵਰੁੱਣ ਸ਼ਰਮਾ ਨੇ ਝਰਮਲ ਸਿੰਘ ਦੇ ਇੰਸਪੈਕਟਰ ਬਣਨ 'ਤੇ ਲਗਾਏ ਸਟਾਰ

ਐਸ ਐਸ ਪੀ ਪਟਿਆਲਾ ਵਰੁੱਣ ਸ਼ਰਮਾ ਝਰਮਲ ਸਿੰਘ ਨੂੰ ਇੰਸਪੈਕਟਰ ਬਨਣ ਤੇ ਸਟਾਰ ਲਗਾਉਂਦੇ ਹੋਏ। ਫ਼ੋਟੋ : ਪ੍ਰੈਸ ਕੀ ਤਾਕਤ

ਪਟਿਆਲਾ, 5 ਅਪ੍ਰੈਲ
-ਅਮਰਜੀਤ ਸਿੰਘ ਲਾਂਬਾ-
-ਕੌਮੀ ਪੱਤ੍ਰਿਕਾ ਬਿਊਰੋ-

ਮਾਨਯੋਗ ਡਾਇਰੈਕਟਰ ਜਨਰਲ ਆਫ਼ ਪੁਲਿਸ ਗੌਰਵ ਯਾਦਵ ਜੀ ਵਲੋਂ ਐਸ ਆਈ ਝਰਮਲ ਸਿੰਘ ਇੰਚਾਰਜ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਵਲੋਂ ਕੀਤੇ ਜਾ ਰਹੇ ਪ੍ਰਸੰਸਾਯੋਗ ਕਾਰਜਾਂ ਲਈ ਤਰੱਕੀ ਦੇ ਕੇ ਇੰਸਪੈਕਟਰ ਬਣਾਇਆ ਗਿਆ, ਇਸ ਸਬੰਧੀ ਮਾਨਯੋਗ ਐਸ ਐਸ ਪੀ ਪਟਿਆਲਾ ਵਰੁੱਣ ਸ਼ਰਮਾ ਜੀ ਨੇ ਐਸ ਆਈ ਝਰਮਲ ਸਿੰਘ ਨੂੰ ਇੰਸਪੈਕਟਰ ਬਨਣ ਤੇ ਸਟਾਰ ਲਗਾਏ ਗਏ ਅਤੇ ਮੁਬਾਰਕਾਂ ਦਿੱਤੀਆਂ ਗਈਆਂ ਅਤੇ ਐਸ ਐਸ ਪੀ ਪਟਿਆਲਾ ਵਰੁੱਣ ਸ਼ਰਮਾ ਜੀ ਨੇ ਇੰਸਪੈਕਟਰ ਝਰਮਲ ਸਿੰਘ ਨੂੰ ਹੋਰ ਵੀ ਸਮਾਜ ਸੇਵੀ ਕਾਰਜਾਂ ਨੂੰ ਵੱਧ ਤੋਂ ਵੱਧ ਕੰਮ ਕਰਨ ਲਈ ਕਿਹਾ, ਇਸ ਮੌਕੇ ਇੰਸਪੈਕਟਰ ਝਰਮਲ ਸਿੰਘ ਨੇ ਕਿਹਾ ਕਿ ਉਹੋ ਆਪਣੀ ਡਿਊਟੀ ਪੂਰੀ ਤਨਦੇਹੀ ਅਤੇ ਇਮਾਨਦਾਰੀ ਨਾਲ ਨਿਭਾਉਣਗੇ। ਜ਼ਿਕਰਯੋਗ ਹੈ ਕਿ ਇੰਸਪੈਕਟਰ ਝਰਮਲ ਸਿੰਘ ਨੇ ਇੰਚਾਰਜ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਰਹਿਦਿਆਂ ਨੌਜਵਾਨਾਂ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਪ੍ਰੋਗਰਾਮ, ਖੂਨਦਾਨ ਕੈਂਪ, ਮੈਡੀਕਲ ਕੈਂਪ, ਲੋੜਵੰਦ ਪਰਿਵਾਰਾਂ ਦੀ ਮਦਦ, ਅਤੇ ਕਈ ਹੋਰ ਸਮਾਜ ਸੇਵੀ ਕਾਰਜਾਂ ਨੂੰ ਕੀਤਾ।

ਪਟਿਆਲੇ ਦਾ ਨੌਜਵਾਨ ਯੂਕਰੇਨ ਦੀ ਜੰਗ ਵਿੱਚ ਲੜਨ ਲਈ ਮਜਬੂਰ

ਸੰਸਦ ਮੈਂਬਰ ਪਟਿਆਲਾ ਪ੍ਰਨੀਤ ਕੌਰ ਨੇ ਵਿਦੇਸ਼ ਮੰਤਰੀ ਜੈਸ਼ੰਕਰ ਨੂੰ ਦਖਲ ਦੇਣ ਅਤੇ ਸਾਡੇ ਨੌਜਵਾਨਾਂ ਨੂੰ ਘਰ ਵਾਪਸ ਲਿਆਉਣ ਦੀ ਅਪੀਲ ਕੀਤੀ

ਪਟਿਆਲਾ, 5 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਸਾਬਕਾ ਵਿਦੇਸ਼ ਰਾਜ ਮੰਤਰੀ ਅਤੇ ਪਟਿਆਲਾ ਤੋਂ ਮੈਂਬਰ ਪਾਰਲੀਮੈਂਟ ਪ੍ਰਨੀਤ ਕੌਰ ਨੇ ਵਿਦੇਸ਼ ਮੰਤਰੀ ਐਸ. ਜੈਸ਼ੰਕਰ ਨੂੰ ਅਪੀਲ ਕੀਤੀ ਕਿ ਉਹ ਯੂਕਰੇਨ ਯੁੱਧ ਵਿੱਚ ਫਸੇ ਪਟਿਆਲਾ ਦੇ ਨੌਜਵਾਨ ਦੀ ਸੁਰੱਖਿਅਤ ਘਰ ਵਾਪਸੀ ਨੂੰ ਯਕੀਨੀ ਬਣਾਉਣ।

ਮਦਦ ਲਈ ਅਪੀਲ ਕਰਦਿਆਂ ਪ੍ਰਨੀਤ ਕੌਰ ਨੇ ਕਿਹਾ, ਮੇਰੇ ਪਟਿਆਲਾ ਜ਼ਿਲ੍ਹੇ ਵਿੱਚ ਪੈਂਦੇ ਪਿੰਡ ਡਕਾਲਾ ਦਾ ਗੁਰਪ੍ਰੀਤ ਸਿੰਘ ਪੁੱਤਰ ਨਾਇਬ ਸਿੰਘ ਜਨਵਰੀ ਵਿੱਚ ਟੂਰਿਸਟ ਵੀਜ਼ੇ 'ਤੇ ਰੂਸ ਗਿਆ ਸੀ ਅਤੇ ਰੂਸ ਵੱਲੋਂ ਫੜੇ ਗਏ ਸੱਤ ਭਾਰਤੀ ਨਾਗਰਿਕਾਂ ਵਿੱਚੋਂ ਇੱਕ ਹੈ। ਰੂਸੀ ਪੁਲਿਸ ਫੋਰਸ ਨੇ ਇਨ੍ਹਾਂ ਨੌਜਵਾਨਾਂ ਨੂੰ ਫੌਜੀ ਅਫਸਰਾਂ ਦੇ ਹਵਾਲੇ ਕਰ ਦਿੱਤਾ ਸੀ, ਜਿਨ੍ਹਾਂ ਨੇ ਜੰਗ ਦੇ ਦੌਰਾਨ, ਯੂਕਰੇਨ ਦੇ ਵਿਰੁੱਧ ਲੜਨ ਲਈ ਉਨ੍ਹਾਂ ਨੂੰ ਜ਼ਬਰਦਸਤੀ ਮਜ਼ਬੂਰ ਕੀਤਾ ਹੈ।

ਉਨ੍ਹਾਂ ਨੇ ਅੱਗੇ ਕਿਹਾ, ਗੁਰਪ੍ਰੀਤ ਦਾ ਪਰਿਵਾਰ ਆਰਥਿਕ ਤੌਰ 'ਤੇ ਕਮਜ਼ੋਰ ਪਿਛੋਕੜ ਨਾਲ ਸਬੰਧਤ ਹੈ ਅਤੇ ਉਹ ਇੱਕ ਰਸੋਈਏ ਜਾਂ ਡਰਾਈਵਰ ਵਜੋਂ ਨੌਕਰੀ ਦੀ ਉਮੀਦ ਵਿੱਚ ਰੂਸ ਗਿਆ ਸੀ। ਉਸ ਦਾ ਪਰਿਵਾਰ ਮੈਨੂੰ ਮਿਲਣ ਆਇਆ ਸੀ ਅਤੇ ਆਪਣੇ ਪੁੱਤਰ ਨੂੰ ਸੁਰੱਖਿਅਤ ਵਾਪਸ ਲਿਆਉਣ ਲਈ ਮਦਦ ਮੰਗ ਰਹੇ ਸੀ। ਹਾਲ ਹੀ ਵਿੱਚ ਇਹਨਾਂ ਸੱਤ ਲੜਕਿਆਂ ਦੀ ਇੱਕ ਵੀਡੀਓ ਵੀ ਵਾਇਰਲ ਹੋਈ ਹੈ ਜਿਸ ਵਿੱਚ ਉਹ ਵਾਪਿਸ ਭਾਰਤ ਲਿਆਂਦੇ ਜਾਣ ਦੀ ਅਪੀਲ ਕਰ ਰਹੇ ਹਨ।

ਪਟਿਆਲਾ ਦੇ ਸੰਸਦ ਮੈਂਬਰ ਨੇ ਅੱਗੇ ਕਿਹਾ, 'ਮੈਂ ਸਾਡੇ ਮਾਨਯੋਗ ਵਿਦੇਸ਼ ਮੰਤਰੀ ਐਸ. ਜੈਸ਼ੰਕਰ ਨੂੰ ਬੇਨਤੀ ਕਰਦੀ ਹਾਂ ਕਿ ਉਹ ਤੁਰੰਤ ਦਖਲ ਦੇਣ ਅਤੇ ਸਾਰੇ 7 ਮੁੰਡਿਆਂ ਦੀ ਸੁਰੱਖਿਅਤ ਘਰ ਵਾਪਸੀ ਨੂੰ ਯਕੀਨੀ ਬਣਾਉਣ ਲਈ ਰੂਸੀ ਅਧਿਕਾਰੀਆਂ ਕੋਲ ਇਹ ਮਾਮਲਾ ਉਠਾਉਣ।'

ਪਟਿਆਲਾ ਦੇ ਸੰਸਦ ਮੈਂਬਰ ਨੇ ਵਿਦੇਸ਼ ਮੰਤਰੀ ਨੂੰ ਪੱਤਰ ਲਿਖ ਕੇ ਵੀ ਇਸ ਦੀ ਮੰਗ ਕੀਤੀ ਹੈ।

ਜਾਗ੍ਰਿਤੀ ਫਾਊਂਡੇਸ਼ਨ ਟਰੱਸਟ ਵੱਲੋਂ ਦਿਹਾਤੀ ਖੇਤਰਾਂ ਵਿੱਚ ਕੀਤੀਆਂ ਜਾ ਰਹੀਆਂ ਸਮਾਜਿਕ ਸੇਵਾਵਾਂ ਸ਼ਲਾਘਾਯੋਗ: ਭਗਵਾਨ ਦਾਸ ਗੁਪਤਾ

ਭਗਵਾਨ ਦਾਸ ਗੁਪਤਾ ਦਾ ਸਨਮਾਨ ਕਰਦੇ ਹੋਏ ਆਰ.ਪੀ.ਐਸ ਵਾਲੀਆ, ਹਰਿੰਦਰਪਾਲ ਸਿੰਘ, ਐਸ.ਐਸ.ਗਿੱਲ,ਸੰਨੀ ਮਹਾਜਨ, ਸ਼ੰਮੀ ਚੌਧਰੀ ਤੇ ਹੋਰ।

ਪਟਿਆਲਾ, 5 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਜਾਗ੍ਰਿਤੀ ਫਾਊਂਡੇਸ਼ਨ ਚੈਰੀਟੇਬਲ ਟਰੱਸਟ ਵਲੋਂ ਪੰਜਾਬ ਵਿੱਚਲੇ ਧਾਰ ਕਲਾਂ ਜ਼ਿਲ੍ਹਾ ਪਠਾਨਕੋਟ ਦੇ ਦਿਹਾਤੀ ਖੇਤਰਾਂ ਅਤੇ ਹਿਮਾਚਲ ਪ੍ਰਦੇਸ਼ ਵਿੱਚ ਕਾਂਗੜਾ ਤੇ ਚੰਬਾ ਜ਼ਿਲ੍ਹਿਆਂ ਦੇ ਦੂਰ-ਦੁਰਾਡੇ ਖੇਤਰਾਂ ਵਿੱਚ ਸ਼ਾਨਦਾਰ ਸਮਾਜ ਸੇਵਾਵਾਂ ਨਿਭਾਈਆਂ ਜਾ ਰਹੀਆਂ ਹਨ।

ਸੇਵਾ-ਮੁਕਤ ਉੱਪ ਆਬਕਾਰੀ ਤੇ ਕਰ ਕਮਿਸ਼ਨਰ ਪੰਜਾਬ ਹਰਿੰਦਰ ਪਾਲ ਸਿੰਘ ਦੀ ਸਰਪ੍ਰਸਤੀ ਹੇਠ ਸਾਲਾਨਾ ਆਯੋਜਿਤ ਸਲਾਨਾਂ ਜਨਰਲ ਮੀਟਿੰਗ ਵਿੱਚ ਸ਼ਾਹੀ ਸ਼ਹਿਰ ਤੋਂ ਵਿਸ਼ੇਸ਼ ਤੌਰ ਤੇ ਪਹੁੰਚੇ ਉੱਘੇ ਸਮਾਜ ਸੇਵੀ ਵਾਤਾਵਰਨ ਤੇ ਕਲਾ ਪ੍ਰੇਮੀ ਭਗਵਾਨ ਦਾਸ ਗੁਪਤਾ ਸਰਪ੍ਰਸਤ ਡ੍ਰੀਮ ?ਸ ਆਫ਼ ਸੋਸ਼ਲ ਟ੍ਰੇਂਡ ?ਸ (ਦੋਸਤ) ਪਟਿਆਲਾ ਨੇ ਟਰੱਸਟ ਦੇ ਸਮੂੰਹ ਟਰੱਸਟੀਆਂ, ਸਲਾਹਕਾਰਾਂ ਤੇ ਪ੍ਰਬੰਧਕੀ ਮੈਂਬਰਾਂ ਦੀ ਭਰਵੀਂ ਸ਼ਲਾਘਾ ਕਰਦਿਆਂ ਆਪਣੇ ਵਲੋਂ ਵੀ ਹਰ ਸੰਭਵ ਸਹਾਇਤਾ ਕਰਨ ਦਾ ਭਰੋਸਾ ਦਿੱਤਾ।

ਸੰਸਥਾਂ ਦੇ ਮੈਨੇਜਿੰਗ ਟਰੱਸਟੀ ਆਰ.ਪੀ.ਐਸ ਵਾਲੀਆ ਸਾਬਕਾ ਪੀ.ਸੀ.ਐਸ ਨੇ ਆਪਣੇ ਸਵਾਗਤੀ ਭਾਸ਼ਣ ਵਿੱਚ ਦੱਸਿਆ ਕਿ ਟਰੱਸਟ ਵਲੋਂ ਪੰਜਾਬ ਤੇ ਹਿਮਾਚਲ ਪ੍ਰਦੇਸ਼ ਦੇ ਦੂਰ ਦੁਰਾਡੇ ਇਲਾਕਿਆਂ ਵਿੱਚ ਸਮਾਜ ਸੇਵਾ ਦੇ ਕੰਮ ਜਿਵੇਂ ਕਿ ਵਿਦਿਆਰਥੀਆਂ ਦੀਆਂ ਫੀਸਾਂ, ਮੈਡੀਕਲ ਕੈਂਪ, ਵਾਤਾਵਰਨ ਦੀ ਸ਼ੁੱਧਤਾ ਲਈ ਬੂਟਿਆਂ ਦੇ ਲੰਗਰ, ਰਾਸ਼ਨ ਵਿਤਰਣ ਆਦਿ ਦੇ ਕੰਮ ਲਗਾਤਾਰ ਕੀਤੇ ਜਾ ਰਹੇ ਹਨ।

ਪੰਜਾਬ ਸਰਕਾਰ ਅਤੇ ਹਿਮਾਚਲ ਪ੍ਰਦੇਸ਼ ਸਰਕਾਰ ਨੇ ਵੀ ਜਾਗ੍ਰਿਤੀ ਦੀਆਂ ਬੇਮਿਸਾਲ ਸਮਾਜਿਕ ਸੇਵਾਵਾਂ ਨੂੰ ਮਾਨਤਾ ਦਿੱਤੀ ਅਤੇ ਦੋਵਾਂ ਸਰਕਾਰਾਂ ਨੇ ਟਰੱਸਟ ਨੂੰ ਅਵਾਰਡ ਅਤੇ ਪ੍ਰਮਾਣ ਪੱਤਰ ਨਾਲ ਸਨਮਾਨਿਤ ਵੀ ਕੀਤਾ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਟਰੱਸਟੀ ਸੰਨੀ ਮਹਾਜਨ,ਸ਼ੰਮੀ ਚੌਧਰੀ ਮਹਾਂਵੀਰ ਸਿੰਘ, ਐਸ.ਐਸ.ਗਿੱਲ, ਪ੍ਰਸ਼ਾਂਤ ਸ਼ਰਮਾ,ਪੁਨੀਤ ਮਹਾਜਨ, ਉਮੇਸ਼ ਸ਼ਰਮਾ ਕਮਲ ਮੈਣੀ, ਸਮਾਜ ਸੇਵੀ ਭਗਵੰਤ ਸਿੰਘ ਪਟਿਆਲਾ ਹਾਜ਼ਰ ਸਨ।

ਸੁਖਬਾਜ ਸਿੰਘ ਪ੍ਰਧਾਨ ਸਾਬ ਡਿਵੀਜ਼ਨ ਚਗਾਵਾਂ ਟੀਐਸਯੂ ਦੀ ਸੇਵਾ ਮੁਕਤੀ 'ਤੇ ਵਿਦਾਇਗੀ ਪਾਰਟੀ ਦਾ ਆਯੋਜਨ

ਅਜਨਾਲਾ, 5 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਬਿਜਲੀ ਦਫਤਰ ਚੋਗਾਵਾਂ ਵਿਖੇ ਪਿਛਲੇ ਲੰਬੇ ਸਮੇਂ ਤੋਂ ਬਤੌਰ ਸਹਾਇਕ ਲਾਈਨਮੈਨ ਦੀ ਸੇਵਾ ਨਿਭਾ ਰਹੇ ਸੁਖਬਾਜ ਸਿੰਘ ਪ੍ਰਧਾਨ ਟੀਐਸਯੂ ਦੀ ਸੇਵਾ ਮੁਕਤੀ 'ਤੇ ਵਿਦਾਇਗੀ ਪਾਰਟੀ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਐਸਡੀਓ ਚੋਗਾਵਾਂ ਸੂਰਜ ਪ੍ਰਕਾਸ਼, ਡਵੀਜ਼ਨ ਪ੍ਰਧਾਨ ਦਿਲਬਾਗ ਸਿੰਘ ਡਿਵੀਜ਼ਨ ਸਕੱਤਰ ਜੁਗਰਾਜ ਸਿੰਘ ਤੋਲਾ ਨੰਗਲ ਸਾਬਕਾ ਡਿਵੀਜ਼ਨ ਪ੍ਰਧਾਨ ਮੇਜਰ ਸਿੰਘ ਬਾਰਡਰ ਜੋਨ ਆਗੂ ਅਮਨ ਵੀਰ ਸਿੰਘ ਸਟੇਟ ਦੇ ਸਾਬਕਾ ਆਗੂ ਮੁਖਤਾਰ ਸਿੰਘ ਮਹਾਵਾ ਲੋਪੋਕੇ ਪ੍ਰਧਾਨ ਅਵਤਾਰ ਸਿੰਘ ਸੁਰਿੰਦਰ ਸਿੰਘ ਵੈਰੋ ਕੇ ਅਸ਼ੋਕ ਕੁਮਾਰ ਸਹਾਇਕ ਸਕੱਤਰ ਮੁਨੀ ਲਾਲ ਪਿਸ਼ੋਰਾ ਸਿੰਘ ਕਵਲਦੀਪ ਸਿੰਘ ਬੱਗਾ ਜਸਪਾਲ ਸਿੰਘ ਚਜੋਟੀ ਪਲਵਿੰਦਰ ਸਿੰਘ ਵਿਕਰਮ ਸਿੰਘ ਇੰਦਰਜੀਤ ਸਿੰਘ ਕਰਮਜੀਤ ਸਿੰਘ ਗੁਰਪ੍ਰੀਤ ਸਿੰਘ ਜਈ ਅਵਨਿੰਦਰਪਾਲ ਸਿੰਘ ਗੁਰਲਾਲ ਸਿੰਘ ਵਿਰਕ ਸੁਰਿੰਦਰ ਸਿੰਘ ਸਿੱਧੂ ਜਈ ਇਸ ਮੌਕੇ ਸਟੇਜ ਦੀ ਕਾਰਵਾਈ ਬਲਜਿੰਦਰ ਸਿੰਘ ਸਕੱਤਰ ਟੀਐਸਯੂ ਨੇ ਨਿਭਾਈ ਆ ਰੇ ਮੈਡਮ ਨਵਦੀਪ ਕੌਰ ਮਨਜੀਤ ਕੌਰ ਬਲਵਿੰਦਰ ਕੌਰ ਹਰਜੀਤ ਸਿੰਘ ਜਤਿੰਦਰ ਸਿੰਘ ਆਦ ਹਾਜ਼ਰ ਰਹੇ ਵਿਕ, ਜੇ ਆਦਿ ਨੇ ਸੁਖਬਾਜ ਸਿੰਘ ਵੱਲੋਂ ਦਫਤਰ ਵਿੱਚ ਨਿਭਾਇਆ ਸੇਵਾਵਾਂ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਡਿਊਟੀ ਪੂਰੀ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਈ। ਇਸ ਮੌਕੇ ਸੁਖਬਾਜ ਸਿੰਘ ਨੂੰ ਸੀਲਡਾ ਤੇ ਤੋਹਫੇ ਦੇ ਕੇ ਸਨਮਾਨਿਤ ਕੀਤਾ ਗਿਆ।

ਵਿਦਿਆਰਥੀਆਂ ਨੂੰ ਜੀਵਨ ਵਿੱਚ ਸਫਲਤਾ ਲਈ ਲਗਾਤਾਰ ਮਿਹਨਤ ਕਰਨੀ ਚਾਹੀਦੀ ਹੈ: ਗੋਲਡੀ ਕੰਬੋਜ

ਜਲਾਲਾਬਾਦ, 5 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਗਿਆਨੀ ਗੁਰਬਖਸ਼ ਸਿੰਘ ਡੀ.ਏ.ਵੀ. ਕਾਲਜ ਵਿੱਚ ਸਾਲਾਨਾ ਇਨਾਮ ਵੰਡ ਸਮਾਗਮ ਕਰਵਾਇਆ ਗਿਆ। ਸਮਾਗਮ ਵਿੱਚ ਹਲਕਾ ਵਿਧਾਇਕ ਐਡਵੋਕੇਟ ਜਗਦੀਪ ਕੰਬੋਜ ਗੋਲਡੀ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਵਿਧਾਇਕ ਦੇ ਇਕੱਠ ਵਿੱਚ ਪਹੁੰਚਣ 'ਤੇ ਕਾਲਜ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਇੰਦਰਜੀਤ ਸਿੰਘ ਮਦਾਨ ਅਤੇ ਕਾਲਜ ਪ੍ਰਿੰਸੀਪਲ ਪ੍ਰੋ. ਅਸ਼ਵਨੀ ਕਾਲੀਆ ਨੇ ਗੁਲਦਸਤੇ ਦੇ ਕੇ ਸਵਾਗਤ ਕੀਤਾ। ਸਮਾਗਮ ਦੀ ਸ਼ੁਰੂਆਤ ਇਲਾਹੀ ਬਾਣੀ ਨਾਲ ਹੋਈ ਅਤੇ ਵਿਦਿਆਰਥੀ ਗੁਰਜੰਟ ਸਿੰਘ ਅਤੇ ਉਸ ਦੇ ਦੋਸਤਾਂ ਨੇ ਸ਼ਬਦ ਕੀਰਤਨ ਕੀਤਾ। ਇਸ ਤੋਂ ਬਾਅਦ ਡੀ.ਏ.ਵੀ. ਗੀਤ ਗਾਇਆ ਗਿਆ। ਸੰਸਥਾ ਦੇ ਇਤਿਹਾਸ ਨੂੰ ਉਜਾਗਰ ਕੀਤਾ ਗਿਆ ਸੀ ਜਿਸ ਦੀ ਮੌਜੂਦਾ ਪ੍ਰਧਾਨ ਪਦਮ ਸ਼੍ਰੀਪੂਨਮ ਸੂਰੀ ਹੈ। ਆਪਣੇ ਸੰਬੋਧਨ ਵਿੱਚ ਕਾਲਜ ਦੀ ਲੋਕਲ ਕਮੇਟੀ ਦੇ ਵਾਈਸ ਚੇਅਰਮੈਨ ਅਤਰ ਸਿੰਘ ਬੇਦੀ ਅਤੇ ਡਾ: ਤਿਲਕ ਰਾਜ ਕੁਮਾਰ ਨੇ ਕਾਲਜ ਦੇ ਇਤਿਹਾਸ ਬਾਰੇ ਜਾਣਕਾਰੀ ਦਿੱਤੀ ਅਤੇ ਵਿਦਿਆਰਥੀਆਂ ਨੂੰ ਮਹਾਨ ਸੰਤ ਗਿਆਨੀ ਗੁਰਬਖਸ਼ ਸਿੰਘ ਜੀ ਦੇ ਪਾਏ ਪੂਰਨਿਆਂ 'ਤੇ ਚੱਲਣ ਦੀ ਪ੍ਰੇਰਨਾ ਦਿੱਤੀ।ਇਸ ਮੌਕੇ ਕਾਲਜ ਦੇ ਵਿਦਿਆਰਥੀਆਂ ਵੱਲੋਂ ਕੱਵਾਲੀ ਦਾ ਗਾਇਨ ਕੀਤਾ ਗਿਆ।ਭੰਗੜਾ ਅਤੇ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ।ਕਾਲਜ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਇੰਦਰਜੀਤ ਸਿੰਘ ਮਦਾਨ ਨੇ ਕਾਲਜ ਦੀਆਂ ਸਮੱਸਿਆਵਾਂ ਵਿਧਾਇਕ ਜਗਦੀਪ ਕੰਬੋਜ ਗੋਲਡੀ ਅੱਗੇ ਰੱਖੀਆਂ ਅਤੇ ਉਨ੍ਹਾਂ ਨੂੰ ਕਾਲਜ ਦੀ ਵਿੱਤੀ ਹਾਲਤ ਬਾਰੇ ਜਾਣੂ ਕਰਵਾਇਆ, ਜਿਸ 'ਤੇ ਵਿਧਾਇਕ ਸ. ਨੇ ਕਾਲਜ ਦੀ ਵਿੱਤੀ ਹਾਲਤ ਸੁਧਾਰਨ ਲਈ ਵਿੱਤੀ ਸਹਾਇਤਾ ਦੀ ਪੇਸ਼ਕਸ਼ ਕੀਤੀ।ਵਿਸ਼ਵਾਸ ਦਿਵਾਇਆ।

ਅਵਾਰਡ ਵੰਡ ਸਮਾਰੋਹ ਵਿੱਚ ਵਿੱਦਿਆ ਦੇ ਖੇਤਰ ਵਿੱਚ ਮੱਲਾਂ ਮਾਰਨ ਵਾਲੇ 200 ਦੇ ਕਰੀਬ ਵਿਦਿਆਰਥੀਆਂ ਨੂੰ ਕਾਲਜ ਪ੍ਰਬੰਧਕ ਕਮੇਟੀ ਸਮੇਤ ਵਿਧਾਇਕ ਵੱਲੋਂ ਸਨਮਾਨਿਤ ਕੀਤਾ ਗਿਆ। ਵਿਧਾਇਕ ਜਗਦੀਪ ਕੰਬੋਜ ਨੇ ਆਪਣੇ ਸੰਬੋਧਨ ਵਿੱਚ ਵਿਦਿਆਰਥੀਆਂ ਨੂੰ ਸਿੱਖਿਆ ਦੇ ਖੇਤਰ ਵਿੱਚ ਲਗਾਤਾਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਕਾਲਜ ਪ੍ਰਬੰਧਕ ਕਮੇਟੀ ਵੱਲੋਂ ਵਿਧਾਇਕ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਪ੍ਰੋਗਰਾਮ ਦੇ ਆਯੋਜਨ ਵਿੱਚ ਪ੍ਰੋ. ਪ੍ਰਮੋਦ ਅਰੋੜਾ ਅਤੇ ਸਟਾਫ ਦਾ ਵਿਸ਼ੇਸ਼ ਯੋਗਦਾਨ ਰਿਹਾ।

ਸਕੂਲ ਪ੍ਰਬੰਧਕ ਕਮੇਟੀ ਮੈਂਬਰਾਂ ਅਤੇ ਬੱਸਾਂ ਦੇ ਡਰਾਇਵਰਾਂ ਨੂੰ ਕੀਤਾ ਜਾਗਰੂਕ

ਪਠਾਨਕੋਟ, 5 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਸੁਪਰੀਮ ਕੋਰਟ ਦੀਆਂ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਸੇਫ ਸਕੂਲ ਵਾਹਨ ਪਾਲਿਸੀ ਜੋ ਕਿ ਸਕੂਲੀ ਬੱਚਿਆਂ ਦੀ ਸੁਰੱਖਿਆ ਨੂੰ ਧਿਆਨ ਵਿੱਚ ਰੱਖਦਿਆਂ ਹੋਇਆ ਬਣਾਈ ਗਈ ਹੈ ਉਪਰੋਕਤ ਸਕੀਮ ਨੂੰ ਲਾਗੂ ਕਰਨ ਦੇ ਲਈ ਜਿਲ੍ਹਾ ਬਾਲ ਸੁਰੱਖਿਆ ਅਫਸਰ ਪਠਾਨਕੋਟ ਮਿਸ ਊਸਾ ਲਲੋਤਰਾ ਦੀ ਦੇਖਰੇਖ ਵਿੱਚ ਪੁਲਿਸ ਵਿਭਾਗ, ਸਿੱਖਿਆ ਵਿਭਾਗ ਅਤੇ ਟਰਾਂਸਪੋਰਟ ਵਿਭਾਗ ਵੱਲੋਂ ਸੰਯੁਕਤ ਤੋਰ ਤੇ ਵਿਸੇਸ ਅਭਿਆਨ ਚਲਾਇਆ ਗਿਆ। ਊਸਾ ਲਲੋਤਰਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਪਰੋਕਤ ਪਾਲਿਸੀ ਅਧੀਨ ਅੱਜ ਟੀਮ ਵੱਲੋਂ ਵੱਖ ਵੱਖ ਸਕੂਲਾਂ ਵਿੱਚ ਪਹੁੰਚ ਕਰਕੇ ਬੱਚਿਆਂ ਦੇ ਲਈ ਲਗਾਈਆਂ ਗਈਆਂ ਬੱਸਾਂ ਦੀ ਚੈਕਿੰਗ ਕੀਤੀ ਗਈ ਅਤੇ ਚੈਕਿੰਗ ਦੋਰਾਨ ਪਾਲਿਸੀ ਅਧੀਨ ਨਿਯਮਾਂ ਦੀ ਪਾਲਣਾ ਨਾ ਕਰਨ ਵਾਲੀਆਂ ਪੰਜ ਸਕੂਲੀ ਬੱਸਾਂ ਦੇ ਚਲਾਨ ਵੀ ਕੀਤੇ ਗਏ ।

ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਵੱਖ ਵੱਖ ਸਕੂਲਾਂ ਤੱਕ ਪਹੁੰਚ ਕਰਕੇ ਬੱਸ ਡਰਾਇਵਰਾਂ ਅਤੇ ਸਕੂਲ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਨੂੰ ਜਾਗਰੂਕ ਕੀਤਾ ਗਿਆ ਅਤੇ ਪਾਲਿੱਸੀ ਅਧੀਨ ਬਣਾਏ ਗਏ ਨਿਯਮਾਂ ਬਾਰੇ ਵੀ ਜਾਣਕਾਰੀ ਦਿੱਤੀ ਗਈ।

ਸਮਾਜ ਸੇਵਕਾਂ ਨੇ ਕੀਤਾ ਨਵ- ਨਿਯੁਕਤ ਸਿਵਿਲ ਸਰਜਨ ਨੂੰ ਸਨਮਾਨਿਤ

ਪਟਿਆਲਾ, 5 ਅਪ੍ਰੈਲ
-ਅਮਰਜੀਤ ਸਿੰਘ ਲਾਂਬਾ-
-ਕੌਮੀ ਪੱਤ੍ਰਿਕਾ ਬਿਊਰੋ-

ਮੈਡੀਕਲ ਸੁਪਰਡੈਂਟ ਮਾਤਾ ਕੁਸੱਲਿਆ ਹਸਪਤਾਲ ਪਟਿਆਲਾ ਡਾ.ਜਗਪਾਲਇੰਦਰ ਸਿੰਘ ਵੱਲੋਂ ਆਪਣੀਆਂ ਐਮ.ਐਸ.ਦੀਆਂ ਸੇਵਾਵਾਂ ਦੇ ਨਾਲ-ਨਾਲ ਸਿਵਲ ਸਰਜਨ ਵਜੋਂ ਅਹੁਦਾ ਸੰਭਾਲਣ ਮੌਕੇ ਉੱਘੇ ਸਮਾਜ ਸੇਵਕ ਅਮਿਤ ਸੂਦ ਅਤੇ ਉਹਨਾਂ ਦੀ ਟੀਮ ਵੱਲੋਂ ਨਵ-ਨਿਯੁਕਤ ਸਿਵਿਲ ਸਰਜਨ ਨੂੰ ਫੁੱਲਾਂ ਦਾ ਗੁਲਦਸਤਾ ਦੇਕੇ ਸਨਮਾ

ਸੋਨੀਆ ਗਾਂਧੀ ਅਤੇ ਅਸ਼ਵਨੀ ਵੈਸ਼ਣਵ ਸਮੇਤ 14 ਸੰਸਦ ਮੈਂਬਰਾਂ ਨੇ ਰਾਜ ਸਭਾ ਮੈਂਬਰ ਵਜੋਂ ਚੁੱਕੀ ਸਹੁੰ

ਨਵੀਂ ਦਿੱਲੀ, 5 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਕਾਂਗਰਸ ਦੀ ਸਾਬਕਾ ਪ੍ਰਧਾਨ ਸੋਨੀਆ ਗਾਂਧੀ ਅਤੇ ਰੇਲ ਮੰਤਰੀ ਅਸ਼ਵਨੀ ਵੈਸ਼ਣਵ ਸਮੇਤ 14 ਸੰਸਦ ਮੈਂਬਰਾਂ ਨੇ ਵੀਰਵਾਰ ਯਾਨੀ ਕਿ ਅੱਜ ਰਾਜ ਸਭਾ ਦੇ ਮੈਂਬਰ ਵਜੋਂ ਸਹੁੰ ਚੁੱਕੀ। ਉਪ ਰਾਸ਼ਟਰਪਤੀ ਅਤੇ ਰਾਜ ਸਭਾ ਦੇ ਚੇਅਰਮੈਨ ਜਗਦੀਪ ਧਨਖੜ ਨੇ ਨਵੇਂ ਸੰਸਦ ਭਵਨ ਵਿਚ ਉਨ੍ਹਾਂ ਨੂੰ ਸਹੁੰ ਚੁਕਾਈ। ਕਰਨਾਟਕ ਤੋਂ ਕਾਂਗਰਸ ਨੇਤਾ ਅਜੇ ਮਾਕਨ ਅਤੇ ਸੈਯਦ ਨਾਸਿਰ ਹੁਸੈਨ, ਉੱਤਰ ਪ੍ਰਦੇਸ਼ ਤੋਂ ਭਾਜਪਾ ਨੇਤਾ ਆਰ. ਪੀ. ਐੱਨ. ਸਿੰਘ ਅਤੇ ਪੱਛਮੀ ਬੰਗਾਲ ਤੋਂ ਭਾਜਪਾ ਦੇ ਸਮਿਕ ਭੱਟਾਚਾਰੀਆ ਉਨ੍ਹਾਂ 14 ਨੇਤਾਵਾਂ ਵਿਚ ਸ਼ਾਮਲ ਹਨ, ਜਿਨ੍ਹਾਂ ਨੇ ਰਾਜ ਸਭਾ ਮੈਂਬਰ ਦੇ ਰੂਪ ਵਿਚ ਸਹੁੰ ਚੁੱਕੀ।

ਸੋਨੀਆ ਗਾਂਧੀ ਪਹਿਲੀ ਵਾਰ ਰਾਜ ਸਭਾ ਦੀ ਮੈਂਬਰ ਬਣੀ ਹੈ। ਉਨ੍ਹਾਂ ਨੇ ਸਦਨ ਦੇ ਨੇਤਾ ਪਿਊਸ਼ ਗੋਇਲ ਅਤੇ ਕਾਂਗਰਸ ਪ੍ਰਧਾਨ ਅਤੇ ਰਾਜ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਮੱਲਿਕਾਰਜੁਨ ਖੜਗੇ ਦੀ ਮੌਜੂਦਗੀ 'ਚ ਸਹੁੰ ਚੁੱਕੀ। ਸਹੁੰ ਚੁੱਕ ਸਮਾਗਮ ਦੌਰਾਨ ਉਨ੍ਹਾਂ ਦੀ ਧੀ ਪ੍ਰਿਅੰਕਾ ਗਾਂਧੀ ਵਾਡਰਾ ਵੀ ਮੌਜੂਦ ਸੀ। ਇਸ ਮੌਕੇ ਰਾਜ ਸਭਾ ਦੇ ਡਿਪਟੀ ਚੇਅਰਮੈਨ ਹਰੀਵੰਸ਼ ਅਤੇ ਜਨਰਲ ਸਕੱਤਰ ਪੀਸੀ ਮੋਦੀ ਵੀ ਮੌਜੂਦ ਸਨ।

ਜਨਤਾ ਦਲ (ਯੂਨਾਈਟਿਡ) ਦੀ ਟਿਕਟ 'ਤੇ ਬਿਹਾਰ ਤੋਂ ਚੁਣੇ ਗਏ ਸੰਜੇ ਕੁਮਾਰ ਝਾਅ, ਓਡੀਸ਼ਾ ਦੀ ਸੱਤਾਧਾਰੀ ਬੀਜੂ ਜਨਤਾ ਦਲ ਤੋਂ ਸੁਭਾਸ਼ੀਸ਼ ਖੁੰਟੀਆ ਅਤੇ ਦੇਬਾਸ਼ੀਸ਼ ਸਾਮੰਤਰੇ, ਜਦਕਿ ਰਾਜਸਥਾਨ ਤੋਂ ਭਾਜਪਾ ਦੀ ਟਿਕਟ 'ਤੇ ਚੁਣੇ ਗਏ ਮਦਨ ਰਾਠੌੜ ਨੇ ਵੀ ਰਾਜ ਸਭਾ ਦੇ ਮੈਂਬਰਾਂ ਵਜੋਂ ਸਹੁੰ ਚੁੱਕੀ। YSRCP ਨੇਤਾਵਾਂ ਗੋਲਾ ਬਾਬੂ ਰਾਓ, ਮੇਧਾ ਰਘੂਨਾਥ ਰੈੱਡੀ ਅਤੇ ਆਂਧਰਾ ਪ੍ਰਦੇਸ਼ ਤੋਂ ਯੇਰਾਮ ਵੈਂਕਟਾ ਸੁੱਬਾ ਰੈੱਡੀ ਨੇ ਵੀ ਰਾਜ ਸਭਾ ਮੈਂਬਰ ਵਜੋਂ ਸਹੁੰ ਚੁੱਕੀ। ਬਾਅਦ ਵਿਚ ਸਾਰਿਆਂ ਨੇ ਰਾਜ ਸਭਾ ਦੇ ਚੇਅਰਮੈਨ ਨਾਲ ਇਕ ਗਰੁੱਪ ਫੋਟੋ ਲਈ ਪੋਜ਼ ਦਿੱਤਾ।

ਬਿਹਾਰ 'ਚ ਆਪਣੀ ਪਹਿਲੀ ਰੈਲੀ 'ਚ ਕਾਂਗਰਸ ਤੇ ਰਾਜਦ 'ਤੇ ਜੰਮ ਕੇ ਵਰ੍ਹੇ ਮੋਦੀ

ਪਟਨਾ, 5 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਾਂਗਰਸ 'ਤੇ ਨਿਸ਼ਾਨਾ ਸਾਧਦੇ ਹੋਏ ਵੀਰਵਾਰ ਨੂੰ ਦੋਸ਼ ਲਗਾਇਆ ਕਿ ਇਸ ਦੇ ਸ਼ਾਸਨ 'ਚ ਭਾਰਤ ਨੂੰ ਕਮਜ਼ੋਰ ਅਤੇ ਗਰੀਬ ਦੇਸ਼ ਮੰਨਿਆ ਜਾਂਦਾ ਸੀ ਅਤੇ ਅੱਜ ਆਟੇ ਲਈ ਤਰਸ ਰਹੇ ਛੋਟੇ-ਛੋਟੇ ਦੇਸ਼ਾਂ ਦੇ ਅੱਤਵਾਦੀ ਵੀ ਦੇਸ਼ 'ਤੇ ਹਮਲੇ ਕਰਦੇ ਹਨ ਅਤੇ ਚਲੇ ਜਾਂਦੇ ਹਨ। ਬਿਹਾਰ ਦੇ ਜਮੁਈ ਵਿੱਚ ਇੱਕ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨੇ ਵਿਰੋਧੀ ਗਠਜੋੜ 'ਇੰਡੀਅਨ ਨੈਸ਼ਨਲ ਡਿਵੈਲਪਮੈਂਟ ਇਨਕਲੂਸਿਵ ਅਲਾਇੰਸ' (ਇੰਡੀਆ) 'ਤੇ ਚੁਟਕੀ ਲੈਂਦਿਆਂ ਕਿਹਾ ਕਿ ਜੋ ਲੋਕ

ਭ੍ਰਿਸ਼ਟਾਚਾਰ ਦੇ ਮਾਮਲਿਆਂ 'ਚ ਇੱਕ-ਦੂਜੇ ਲਈ ਜੇਲ੍ਹ ਦੀ ਸਜ਼ਾ ਦੀ ਮੰਗ ਕਰਦੇ ਸਨ, ਉਹ 'ਮੋਦੀ ਦੇ ਖਿਲਾਫ ਲੜਨ ਦੇ ਨਾਂ 'ਤੇ ਇਕੱਠੇ ਹੋ ਗਏ ਹਨ।

ਉਨ੍ਹਾਂ ਕਿਹਾ, "ਅੱਜ ਇਕ ਪਾਸੇ ਕਾਂਗਰਸ ਅਤੇ ਰਾਸ਼ਟਰੀ ਜਨਤਾ ਦਲ (ਆਰ.ਜੇ.ਡੀ.) ਵਰਗੀਆਂ ਪਾਰਟੀਆਂ ਹਨ, ਜਿਨ੍ਹਾਂ ਨੇ ਆਪਣੀ ਸਰਕਾਰ ਦੌਰਾਨ ਪੂਰੀ ਦੁਨੀਆ 'ਚ ਦੇਸ਼ ਦਾ ਨਾਂ ਖਰਾਬ ਕੀਤਾ ਸੀ, ਜਦਕਿ ਦੂਜੇ ਪਾਸੇ ਭਾਜਪਾ ਅਤੇ ਰਾਸ਼ਟਰੀ ਜਮਹੂਰੀ ਗਠਜੋੜ (ਰਾਜਦ) ਹੈ। ਜਿਸਦਾ ਉਦੇਸ਼ ਭਾਰਤ ਦਾ ਵਿਕਾਸ ਕਰਨਾ ਹੈ। ਮੋਦੀ ਨੇ ਲੋਕਾਂ ਨੂੰ ਕਿਹਾ, "ਤੁਹਾਨੂੰ ਯਾਦ ਕਰੋ ਕਿ 10 ਸਾਲ ਪਹਿਲਾਂ ਭਾਰਤ ਬਾਰੇ ਕੀ ਰਾਏ ਹੁੰਦੀ ਸੀ। ਕਾਂਗਰਸ ਦੇ ਰਾਜ ਦੌਰਾਨ ਭਾਰਤ ਨੂੰ ਕਮਜ਼ੋਰ ਅਤੇ ਗਰੀਬ ਦੇਸ਼ ਮੰਨਿਆ ਜਾਂਦਾ ਸੀ। ਅੱਜ ਆਟੇ ਲਈ ਤਰਸ ਰਹੇ ਛੋਟੇ-ਛੋਟੇ ਦੇਸ਼ਾਂ ਦੇ ਅੱਤਵਾਦੀ ਸਾਡੇ 'ਤੇ ਹਮਲਾ ਕਰਕੇ ਚਲੇ ਜਾਂਦੇ ਸਨ ਅਤੇ ਫਿਰ ਵੀ ਕਾਂਗਰਸ ਸ਼ਿਕਾਇਤਾਂ ਲੈ ਕੇ ਦੂਜੇ ਦੇਸ਼ਾਂ 'ਚ ਜਾਂਦੀ ਸੀ। ਮੋਦੀ ਨੇ ਕਿਹਾ ਕਿ ਅਜਿਹਾ ਨਹੀਂ ਚੱਲੇਗਾ ਕਿਉਂਕਿ ਭਾਰਤ ਪਾਟਲੀਪੁਤਰ ਅਤੇ ਮਗਧ ਵਾਲਾ ਦੇਸ਼ ਹੈ। ਉਨ੍ਹਾਂ ਕਿਹਾ ਕਿ ਭਾਰਤ ਚੰਦਰਗੁਪਤ ਮੌਰਿਆ ਦਾ ਉਹੀ 'ਭਾਰਤ' ਹੈ ਜੋ ਅੱਜ ਘਰ ਵਿੱਚ ਵੜ ਕੇ ਮਾਰਦਾ ਹੈ, ਅੱਜ ਦਾ ਭਾਰਤ ਦੁਨੀਆਂ ਨੂੰ ਦਿਸ਼ਾ ਦਿਖਾ ਰਿਹਾ ਹੈ।

ਪ੍ਰਧਾਨ ਮੰਤਰੀ ਨੇ ਵਿਰੋਧੀ ਧਿਰ ਦੇ ਗਠਜੋੜ 'ਇੰਡੀਆ' 'ਤੇ ਚੁਟਕੀ ਲੈਂਦਿਆਂ ਕਾਂਗਰਸ ਅਤੇ ਆਮ ਆਦਮੀ ਪਾਰਟੀ 'ਤੇ ਤਿੱਖਾ ਹਮਲਾ ਕਰਦਿਆਂ ਕਿਹਾ ਕਿ ਜਿਹੜੇ ਲੋਕ ਇਕ-ਦੂਜੇ 'ਤੇ ਭ੍ਰਿਸ਼ਟਾਚਾਰ ਦੇ ਦੋਸ਼ ਲਾਉਂਦੇ ਸਨ, ਇਕ-ਦੂਜੇ ਨੂੰ ਜੇਲ ਦੀ ਸਜ਼ਾ ਦੀ ਮੰਗ ਕਰਦੇ ਸਨ, ਉਹ ਇਕ-ਦੂਜੇ 'ਤੇ ਇਕੱਠੇ ਹੋ ਗਏ ਹਨ। ਮੋਦੀ ਨਾਲ ਲੜਨ ਦਾ ਨਾਂ ਉਨ੍ਹਾਂ ਸਵਾਲ ਕੀਤਾ, "ਕੀ ਭ੍ਰਿਸ਼ਟਾਚਾਰੀਆਂ ਨੂੰ ਜੇਲ੍ਹ ਨਹੀਂ ਹੋਣਾ ਚਾਹੀਦਾ? ਮੈਂ ਕਹਿੰਦਾ ਹਾਂ ਭ੍ਰਿਸ਼ਟਾਂ ਨੂੰ ਹਟਾਓ, ਉਹ ਕਹਿੰਦੇ ਹਨ ਮੋਦੀ ਨੂੰ ਹਰਾਓ।" ਪ੍ਰਧਾਨ ਮੰਤਰੀ ਨੇ ਅਯੁੱਧਿਆ ਵਿੱਚ ਰਾਮ ਮੰਦਰ ਦੀ ਉਸਾਰੀ ਦਾ ਵਿਰੋਧ ਕਰਨ ਅਤੇ ਮੰਦਰ ਦੀ ਬੇਅਦਬੀ ਕਰਨ ਲਈ ਕਾਂਗਰਸ-ਆਰ.ਜੇ.ਡੀ. ਗਠਜੋੜ ਦੀ ਵੀ ਆਲੋਚਨਾ ਕੀਤੀ।

ਭਾਰਤ ਫੈਸਲਾਕੁੰਨ ਮੋੜ 'ਤੇ ਖੜ੍ਹਾ, ਦੇਸ਼ 'ਬਣਾਉਣ' ਅਤੇ 'ਵਿਗਾੜਨ' ਵਾਲਿਆਂ ਵਿਚਾਲੇ ਫਰਕ ਨੂੰ ਪਛਾਣਨ ਲੋਕ: ਰਾਹੁਲ

ਨਵੀਂ ਦਿੱਲੀ, 5 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਵੀਰਵਾਰ ਨੂੰ ਕਿਹਾ ਕਿ ਦੇਸ਼ ਇਸ ਸਮੇਂ ਫੈਸਲਾਕੁੰਨ ਮੋੜ 'ਤੇ ਖੜ੍ਹਾ ਹੈ ਅਤੇ ਅਜਿਹੇ ਵਿਚ ਹਰ ਵਰਗ ਨੂੰ ਦੇਸ਼ ਬਣਾਉਣ ਅਤੇ ਦੇਸ਼ ਵਿਗਾੜਨ ਵਾਲਿਆਂ ਦਰਮਿਆਨ ਦਾ ਫ਼ਰਕ ਪਛਾਣਨਾ ਹੋਵੇਗਾ।

ਰਾਹੁਲ ਗਾਂਧੀ ਨੇ ਸੋਸ਼ਲ ਮੀਡੀਆ ਮੰਚ 'ਐਕਸ' 'ਤੇ ਪੋਸਟ ਕੀਤਾ ਕਿ ਦੇਸ਼ ਇਸ ਸਮੇਂ ਫੈਸਲਾਕੁੰਨ ਮੋੜ 'ਤੇ ਖੜ੍ਹਾ ਹੈ। ਹਰ ਵਰਗ ਨੂੰ ਦੇਸ਼ ਬਣਾਉਣ ਅਤੇ ਦੇਸ਼ ਵਿਗਾੜਨ ਵਾਲਿਆਂ ਦਰਮਿਆਨ ਦਾ ਫ਼ਰਕ ਪਛਾਣਨਾ

ਹੋਵੇਗਾ।

ਰਾਹੁਲ ਨੇ ਕਿਹਾ ਕਿ ਕਾਂਗਰਸ ਅਤੇ ਇੰਡੀਆ ਗਠਜੋੜ ਦਾ ਮਤਲਬ ਨੌਜਵਾਨਾਂ ਦੀ ਪਹਿਲੀ ਨੌਕਰੀ ਪੱਕੀ, ਕਿਸਾਨਾਂ ਨੂੰ MSP ਦੀ ਗਾਰੰਟੀ, ਹਰ ਗਰੀਬ ਮਹਿਲਾ ਲੱਖਪਤੀ, ਮਜ਼ਦੂਰਾਂ ਨੂੰ ਘੱਟੋ ਤੋਂ ਘੱਟ 400 ਰੁਪਏ ਰੋਜ਼ਾਨਾ, ਜਾਤੀਗਤ ਗਿਣਤੀ ਅਤੇ ਆਰਥਿਕ ਸਰਵੇ ਤੇ ਸੁਰੱਖਿਅਤ ਸੰਵਿਧਾਨ ਤੇ ਨਾਗਰਿਕ ਦੇ ਅਧਿਕਾਰ ਹਨ।

ਸਿੱਖ ਸਮਾਜ ਦੇ ਤਿੱਖੇ ਨੌਜਵਾਨ ਆਗੂ ਤਰਨਪਾਲ ਸਿੰਘ ਕੋਹਲੀ ਨੇ ਆਪਣੇ ਸਾਥੀਆਂ ਸਮੇਤ ਸ਼ਿਵ ਸੈਨਾ ਹਿੰਦੂਸਤਾਨ ਵਿਚ ਸ਼ਾਮਲ

ਪਟਿਆਲਾ, 5 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਸ਼ਿਵ ਸੈਨਾ ਹਿੰਦੂਸਤਾਨ ਪਟਿਆਲਾ ਨੂੰ ਉਸ ਸਮੇਂ ਵੱਡਾ ਹੁਲਾਰਾ ਮਿਲਿਆ ਜਦੋਂ ਸਿੱਖ ਸਮਾਜ ਤੋਂ ਬਹੁਤ ਹੀ ਤਿੱਖੇ ਨੌਜਵਾਨ ਆਗੂ ਸਰਦਾਰ ਤਰਨਪਾਲ ਸਿੰਘ ਕੋਹਲੀ ਨੇ ਆਪਣੇ ਸਾਥੀਆਂ ਸਮੇਤ ਸ਼੍ਰੀ ਪਵਨ ਗੁਪਤਾ ਜੀ ਰਾਸ਼ਟਰੀ ਪ੍ਰਧਾਨ ਸ਼ਿਵ ਸੈਨਾ ਹਿੰਦੂਸਤਾਨ ਅਤੇ ਹਿੰਦੂਸਤਾਨ ਸ਼ਕਤੀ ਸੈਨਾ ਦਾ ਪ੍ਰਭਾਵ ਅਤੇ ਸੈਨਾ ਦੀਆਂ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਸ਼ਿਵ ਸੈਨਾ ਹਿੰਦੂਸਤਾਨ ਵਿਚ ਸ਼ਾਮਲ ਹੋ ਗਏ।

ਅੱਜ ਸ਼੍ਰੀ ਪਵਨ ਗੁਪਤਾ ਜੀ ਵਿਸ਼ੇਸ਼ ਤੌਰ 'ਤੇ ਸਰਦਾਰ ਤਰਨਪਾਲ ਸਿੰਘ ਕੋਹਲੀ ਦੇ ਨਿਵਾਸ ਭਾਦਸੋਂ ਚੁੰਗੀ ਨੇੜੇ ਵਿਖੇ ਇੱਕ ਛੋਟੇ ਜਿਹੇ ਪ੍ਰੋਗਰਾਮ ਵਿੱਚ ਸ਼ਾਮਿਲ ਕਰਨ ਲਈ ਪਹੁੰਚੇ ਅਤੇ ਉਹਨਾਂ ਨੇ ਸਰਦਾਰ ਤਰਨਪਾਲ ਸਿੰਘ ਕੋਹਲੀ ਨੂੰ ਪਾਰਟੀ ਦਾ ਭਗਵਾ ਪਟਕਾ ਪਾ ਕੇ ਪਾਰਟੀ ਵਿੱਚ ਸ਼ਾਮਿਲ ਕੀਤਾ।

ਇਸ ਮੌਕੇ ਉਨ੍ਹਾਂ ਸਰਦਾਰ ਤਰਨਪਾਲ ਸਿੰਘ ਕੋਹਲੀ ਨੂੰ ਜ਼ਿਲ੍ਹਾ ਪਟਿਆਲਾ ਇਕਾਈ ਦਾ ਸੋਸ਼ਲ ਮੀਡੀਆ ਦਾ ਇੰਚਾਰਜ ਨਿਯੁਕਤ ਕੀਤਾ।

ਇਸ ਮੌਕੇ ਉਨ੍ਹਾਂ ਦੇ ਨਿਵਾਸ ਸਥਾਨ 'ਤੇ ਉਨ੍ਹਾਂ ਦੇ ਸਮਰਥਕ ਵੱਡੀ ਗਿਣਤੀ 'ਚ ਮੌਜੂਦ ਸਨ। ਇਸ ਮੌਕੇ ਸ਼ਿਵ ਸੈਨਾ ਹਿੰਦੂਸਤਾਨ ਦੀ ਤਰਫ਼ੋਂ ਸ਼ਿਵ ਸੈਨਾ ਹਿੰਦੂਸਤਾਨ ਦੇ ਕੌਮੀ ਸਲਾਹਕਾਰ ਸ੍ਰੀ ਹੇਮਰਾਜ ਗੋਇਲ, ਪਾਰਟੀ ਦੇ ਯੂਥ ਵਿੰਗ ਦੇ ਪੰਜਾਬ ਇੰਚਾਰਜ ਸ੍ਰੀ ਅਮਰਜੀਤ ਸਿੰਘ ਬੰਟੀ, ਪੰਜਾਬ ਜ਼ਿਲ੍ਹਾ ਇੰਚਾਰਜ਼ ਪਟਿਆਲਾ ਦੇ ਉਪ ਪ੍ਰਧਾਨ ਸ੍ਰੀ ਸ਼ਮਾ ਕਾਂਤ ਪਾਂਡੇ, ਸ੍ਰੀ ਹਿਤੇਸ਼ ਰਿੰਕੂ ਪੰਜਾਬ ਪ੍ਰਧਾਨ ਸ਼ਿਵ ਸੈਨਾ ਹਿੰਦੂਸਤਾਨ ਆਈ.ਟੀ ਸ਼ਾਖਾ, ਐਡਵੋਕੇਟ ਸ੍ਰੀ ਪੰਕਜ ਗੌੜ, ਪੰਜਾਬ ਪ੍ਰਧਾਨ ਹਿੰਦੂਸਤਾਨ ਐਡਵੋਕੇਟ ਲੀਗਲ ਸੈਨਾ, ਸ੍ਰੀ ਨੰਦਲਾਲ ਜਿਲ੍ਹਾ ਮੀਤ ਪ੍ਰਧਾਨ ਪਟਿਆਲਾ ਅਤੇ ਵੱਡੀ ਗਿਣਤੀ ਵਿੱਚ ਸਰਦਾਰ ਤਰਨਪਾਲ ਸਿੰਘ ਕੋਹਲੀ ਦੇ ਸਮਰਥਕ ਵੀ ਹਾਜ਼ਰ ਸਨ।

ਸਵੀਪ ਟੀਮ ਵੱਲੋਂ ਵੋਟਰ ਜਾਗਰੂਕਤਾ ਲਈ ਮੁਹਿੰਮ ਜਾਰੀ

ਪਟਿਆਲਾ, 5 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ ਲੋਕ ਸਭਾ ਚੋਣਾਂ 2019 ਵਿੱਚ ਹੋਈ 67.71 ਫ਼ੀਸਦੀ ਪੋਲਿੰਗ ਤੋਂ ਬਾਅਦ ਇਸ ਵਾਰੀ 2024 ਵਿੱਚ 70 ਫ਼ੀਸਦੀ ਤੋਂ ਵਧ ਵੋਟਾਂ ਤੋਂ ਉਪਰ ਟੀਚਾ ਹਾਸਲ ਕਰਨ ਲਈ ਸਵੀਪ ਟੀਮ ਪਟਿਆਲਾ ਵੱਲੋਂ ਲਗਾਤਾਰ ਜਾਗਰੂਕਤਾ ਮੁਹਿੰਮ ਚਲਾਈ ਜਾ ਰਹੀ ਹੈ।

ਪਿਛਲੀਆਂ ਲੋਕ ਸਭਾ ਚੋਣਾਂ ਨਾਲੋ ਇਸ ਵਾਰ ਵੋਟਾਂ ਦੀ ਪ੍ਰਤੀਸ਼ਤ ਦੇ ਟੀਚੇ ਨੂੰ ਵਧਾਉਣ ਲਈ ਜ਼ਿਲ੍ਹਾ ਸਵੀਪ ਟੀਮ ਇਨ੍ਹਾਂ ਦਿਨਾਂ 'ਚ ਜ਼ਿਲ੍ਹੇ ਦੇ ਬੱਸ ਸਟੈਂਡਾਂ, ਸੜਕਾਂ ਅਤੇ ਜਨਤਕ ਸਥਾਨਾਂ ਉਪਰ ਨੁੱਕੜ-ਨਾਟਕ ਕਰਵਾ ਕੇ ਲੋਕਾਂ ਨੂੰ ਵੋਟਾਂ ਦੀ ਅਹਿਮੀਅਤ ਬਾਰੇ ਜਾਗਰੂਕ ਕਰ ਰਹੀ ਹੈ ਨਾਲ ਹੀ ਸਰਕਾਰੀ ਸਕੂਲਾਂ ਵਿੱਚ ਵੱਖ-ਵੱਖ ਗਤੀਵਿਧੀਆਂ ਕਰਾਉਣ ਦੇ ਨਾਲ ਪੈਨਸ਼ਨਰਜ਼ ਹੋਮ ਵਿੱਚ ਜਾ ਕੇ ਬਜ਼ੁਰਗਾਂ ਨੂੰ ਇੱਕ-ਇੱਕ ਵੋਟ ਦੀ ਮਹੱਤਤਾ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ।

ਜ਼ਿਲ੍ਹਾ ਨੋਡਲ ਅਫ਼ਸਰ ਡਾ ਸਵਿੰਦਰ ਰੇਖੀ ਨੇ ਲੋਕਾਂ ਨੂੰ ਚੋਣਾਂ ਵਿੱਚ ਇੱਕ ਵੋਟ ਦੀ ਤਾਕਤ ਦੀ ਅਹਿਮੀਅਤ ਬਾਰੇ ਵੋਟਰਾਂ ਨੂੰ ਜਾਗਰੂਕ ਕੀਤਾ ਅਤੇ ਵੋਟ ਮਜ਼ਬੂਤ ਇਰਾਦੇ ਨਾਲ ਪਾਉਣੀ ਲਈ ਪ੍ਰੇਰਿਤ ਕੀਤਾ। ਸਵੀਪ ਟੀਮ ਨੇ ਜਨਤਾ ਨੂੰ 'ਲੋਕਤੰਤਰ ਦੀ ਮਜ਼ਬੂਤੀ ਲਈ ਅੱਗੇ ਆਓ ਅਤੇ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਵੋਟਾਂ ਪਾਓ' ਦਾ ਨਾਅਰਾ ਦਿੱਤਾ।

ਨੌਕਰ ਹੀ ਨਿਕਲਿਆ ਚੋਰ 20 ਤੋਲੇ ਸੋਨੇ ਦੇ ਗਹਿਣੇ ਸਮੇਤ ਆਇਆ ਪੁਲਿਸ ਅੜਿੱਕੇ

ਮਲੇਰਕੋਟਲਾ, 5 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਡਾ. ਸਿਮਰਤ ਕੌਰ ਆਈ.ਪੀ.ਐਸ, ਐਸ.ਐਸ.ਪੀ ਮਾਲੇਰਕੋਟਲਾ ਵੱਲੋ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਮਿਤੀ 27/28.03.2024 ਦੀ ਦਰਮਿਆਨੀ ਰਾਤ ਨੂੰ ਮੁਹੰਮਦ ਅਸਰਫ ਪੁੱਤਰ ਰਮਜਾਨ ਵਾਸੀ ਪੱਕਾ ਦਰਵਾਜਾ ਜਮਾਲਪੁਰਾ ਦੇ ਘਰ ਵਿੱਚ ਤਮੰਨਾ ਜਿਊਲਰਜ ਨਾਮ ਦੀ ਸੋਨੇ ਚਾਂਦੀ ਦੇ ਗਹਿਣਿਆਂ ਦੀ ਦੁਕਾਨ ਵਿੱਚੋ ਨਾਮਲੂੰਮ ਵਿਅਕਤੀ/ਵਿਅਕਤੀਆ ਨੇ ਜਿੰਦਰੇ ਤੋੜ ਕੇ ਦੁਕਾਨ ਅੰਦਰ ਪਏ ਕਰੀਬ 20 ਤੋਲੇ ਸੋਨਾ ਗਹਿਣੇ ਚੋਰੀ ਕਰਕੇ ਲੈ ਗਏ ਸਨ। ਜਿਸ ਸਬੰਧੀ ਥਾਣਾ ਸਿਟੀ-1 ਮਾਲੇਰਕੋਟਲਾ ਵੱਲੋਂ ਮੁਹੰਮਦ ਅਸਰਫ ਉਕਤ ਦੇ ਬਿਆਨ ਦੇ ਅਧਾਰ ਪਰ ਮੁਕੱਦਮਾ ਨੰਬਰ 27 ਮਿਤੀ 29.03.2024 ਅ/ਧ 457,380 ਹਿੰ:ਦੰ: ਥਾਣਾ ਸਿਟੀ-1 ਮਾਲੇਰਕੋਟਲਾ ਬਰਖਿਲਾਫ ਨਾਮਲੂਮ ਵਿਅਕਤੀ/ਵਿਅਕਤੀਆ ਦੇ ਦਰਜ ਰਜਿਸਟਰ ਕੀਤਾ ਗਿਆ ਸੀ। ਡਾ. ਸਿਮਰਤ ਕੌਰ (ਆਈ.ਪੀ.ਐਸ) ਨੇ ਵਿਸਥਾਰ ਪੂਰਵਕ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਮੁਕੱਦਮਾ ਦੀ ਤਫਤੀਸ ਸ. ਗੁਰਦੇਵ ਸਿੰਘ, ਪੀ.ਪੀ.ਐਸ, ਉਪ ਕਪਤਾਨ ਪੁਲਿਸ, ਸਬ-ਡਵੀਜਨ ਮਾਲੇਰਕੋਟਲਾ

ਦੀ ਅਗਵਾਈ ਹੇਠ ਇੰਸਪੈਕਟਰ ਸਾਹਿਬ ਸਿੰਘ ਮੁੱਖ ਅਫਸਰ ਥਾਣਾ ਸਿਟੀ-1 ਮਾਲੇਰਕੋਟਲਾ ਵੱਲੋਂ ਤਕਨੀਕੀ ਤੌਰ ਤੇ ਅਮਲ ਵਿੱਚ ਲਿਆਦੀ ਗਈ। ਦੌਰਾਨੇ ਤਫਤੀਸ ਮਿਤੀ 01.04.2024 ਨੂੰ ਆਰੋਪੀ ਗੁਲਫਰਾਜ ਪੁੱਤਰ ਅਬਦੁੱਲ ਹਮੀਦ ਵਾਸੀ ਮੁਹੱਲਾ ਆਵਿਆਂ ਵਾਲਾ ਮਾਲੇਰਕੋਟਲਾ ਨੂੰ ਮੁਕੱਦਮਾ ਵਿੱਚ ਨਾਮਜਦ ਕਰਕੇ ਗ੍ਰਿਫਤਾਰ ਕੀਤਾ ਗਿਆ। ਜਿਸ ਦੇ ਪਾਸੋ ਦੁਕਾਨ ਵਿੱਚੋਂ ਚੋਰੀ ਕੀਤੇ ਗਏ 20 ਤੋਲ਼ੇ ਸੋਨਾ ਗਹਿਣੇ (ਕੀਮਤ ਕਰੀਬ 13 ਲੱਖ ਰੁਪਏ) ਬਰਾਮਦ ਕਰਵਾਏ ਗਏ ਅਤੇ ਮੁਕੱਦਮਾ ਵਿੱਚ ਜੁਰਮ 411 ਹਿੰ:ਦੰ: ਦਾ ਵਾਧਾ ਕੀਤਾ ਗਿਆ ਹੈ। ਦੋਸੀ ਦਾ ਅਦਾਲਤ ਪਾਸੋਂ ਪੁਲਿਸ ਰਿਮਾਂਡ ਹਾਸਲ ਕਰਕੇ ਅਜਿਹੀਆ ਹੋਰ ਵਾਰਦਾਤਾ ਕਰਨ ਸਬੰਧੀ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ।

ਰੇਨੋ ਇੰਡੀਆ ਨੇ ਬਠਿੰਡਾ ਵਿੱਚ ਨਵੀਂ ਡੀਲਰਸ਼ਿਪ ਖੋਲ੍ਹਣ ਦੇ ਨਾਲ ਪੰਜਾਬ ਵਿੱਚ ਆਪਣੀ ਮੌਜੂਦਗੀ ਦਾ ਵਿਸਥਾਰ ਕੀਤਾ

ਬਠਿੰਡਾ, 5 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਰੇਨੋ ਇੰਡੀਆ ਬਠਿੰਡਾ ਵਿੱਚ ਆਪਣੀ ਨਵੀਨਤਮ ਡੀਲਰਸ਼ਿਪ ਦੇ ਉਦਘਾਟਨ ਦੀ ਘੋਸ਼ਣਾ ਕਰਕੇ ਬਹੁਤ ਖੁਸ਼ ਹੈ। ਇਹ ਰਣਨੀਤਕ ਵਿਸਤਾਰ ਦੇਸ

ਸੰਪਾਦਕੀ

ਸਾਈਬਰ ਧੋਖਾਧੜੀ

ਮਿਆਂਮਾਰ ਤੇ ਕੰਬੋਡੀਆ 'ਚ ਹਜ਼ਾਰਾਂ ਭਾਰਤੀ ਆਪਣੇ ਆਪ ਨੂੰ ਫਸਿਆ ਹੋਇਆ ਮਹਿਸੂਸ ਕਰ ਰਹੇ ਹਨ, ਜਿੱਥੇ ਉਨ੍ਹਾਂ ਨੂੰ ਆਨਲਾਈਨ ਧੋਖਾਧੜੀ ਤੇ ਗਬਨ ਕਰਨ ਲਈ ਮਜਬੂਰ ਕੀਤਾ ਜਾ ਰਿਹਾ ਹੈ। ਵਿਦੇਸ਼ ਮੰਤਰਾਲਾ ਕੰਬੋਡੀਆ ਤੋਂ ਕਰੀਬ 250 ਤੇ ਮਿਆਂਮਾਰ ਤੋਂ 30 ਭਾਰਤੀਆਂ ਨੂੰ ਲੱਭਣ ਤੇ ਬਚਾਉਣ ਵਿਚ ਕਾਮਯਾਬ ਹੋਇਆ ਹੈ। ਸੰਗਠਿਤ ਅਪਰਾਧ ਮਾਫੀਆ ਵੱਲੋਂ ਬੇਈਮਾਨ ਏਜੰਟਾਂ ਨਾਲ ਰਲ ਕੇ ਦੱਖਣ ਏਸ਼ੀਆ ਤੇ ਦੱਖਣ-ਪੂਰਬੀ ਏਸ਼ੀਆ 'ਚ ਨੌਕਰੀ ਦੀ ਤਲਾਸ਼ ਕਰ ਰਹੇ ਲੋਕਾਂ ਨੂੰ ਇਨ੍ਹਾਂ ਮੁਲਕਾਂ 'ਚ ਸੂਚਨਾ ਤਕਨੀਕ ਖੇਤਰ 'ਚ ਰੁਜ਼ਗਾਰ ਦਿਵਾਉਣ ਦਾ ਵਾਅਦਾ ਕਰ ਕੇ ਭਰਮਾਇਆ ਜਾ ਰਿਹਾ ਹੈ। ਜਦਕਿ, ਨੌਕਰੀ ਦੇ ਕੇ ਇਨ੍ਹਾਂ ਨੂੰ ਸਾਈਬਰ ਧੋਖਾਧੜੀ ਸੈਂਟਰਾਂ ਵਿਚ ਕੰਮ ਕਰਨ ਲਈ ਭੇਜਿਆ ਜਾ ਰਿਹਾ ਹੈ, ਤੇ ਫੋਨ ਕਾਲਾਂ, ਈਮੇਲਾਂ ਅਤੇ ਵਟਸਐਪ ਸੁਨੇਹਿਆਂ ਰਾਹੀਂ ਸਾਥੀ ਭਾਰਤੀ ਨਾਗਰਿਕਾਂ ਨੂੰ ਗੁਮਰਾਹ ਕਰਨ ਦਾ ਦਬਾਅ ਬਣਾਇਆ ਜਾ ਰਿਹਾ ਹੈ। ਕੁਝ ਮਾਮਲਿਆਂ ਵਿਚ, ਉਹ ਆਪਣੇ ਮਾਲਕਾਂ ਲਈ ਪੁਲੀਸ ਤੇ ਹੋਰਨਾਂ ਏਜੰਸੀਆਂ ਦੇ ਅਧਿਕਾਰੀ ਬਣ ਕੇ ਲੋਕਾਂ ਤੋਂ ਫਿਰੌਤੀਆਂ ਵੀ ਵਸੂਲ ਰਹੇ ਹਨ।

ਇਸ ਚਿੰਤਾਜਨਕ ਰੁਝਾਨ ਨੇ ਇੰਟਰਪੋਲ ਮੁਖੀ ਜਰਗਨ ਸਟਾਕ ਦੇ ਉਸ ਹਾਲੀਆ ਬਿਆਨ ਦੀ ਪੁਸ਼ਟੀ ਕੀਤੀ ਹੈ ਕਿ ਸੰਗਠਿਤ ਅਪਰਾਧ ਕਰਨ ਵਾਲੇ ਗਰੁੱਪ, ਜਿਨ੍ਹਾਂ ਕੋਵਿਡ-19 ਮਹਾਮਾਰੀ ਦੌਰਾਨ ਮਨੁੱਖੀ ਤਸਕਰੀ ਤੇ ਸਾਈਬਰ ਅਪਰਾਧ ਸੈਂਟਰਾਂ ਦੇ 'ਬੇਤਹਾਸ਼ਾ' ਵਾਧੇ 'ਚ ਮਦਦ ਕੀਤੀ, ਹੁਣ ਦੱਖਣ-ਪੂਰਬੀ ਏਸ਼ੀਆ ਤੋਂ ਨਿਕਲ ਕੇ ਇਕ ਆਲਮੀ ਨੈੱਟਵਰਕ ਦਾ ਰੂਪ ਧਾਰ ਚੁੱਕੇ ਹਨ ਅਤੇ ਸਾਲਾਨਾ ਤਿੰਨ ਖ਼ਰਬ ਡਾਲਰ ਬਣਾ ਰਹੇ ਹਨ। ਸਟਾਕ ਮੁਤਾਬਕ, ਸਾਈਬਰ ਘੁਟਾਲਿਆਂ ਦੇ ਇਨ੍ਹਾਂ ਟਿਕਾਣਿਆਂ, ਜਿੱਥੇ ਵਰਕਰ ਦਬਾਅ ਹੇਠ ਕੰਮ ਕਰਦੇ ਹਨ, ਨੇ ਅਪਰਾਧਕ ਗੁੱਟਾਂ ਦਾ ਘੇਰਾ ਵਧਾਉਣ ਵਿਚ ਮਦਦ ਕੀਤੀ ਹੈ। ਇਨ੍ਹਾਂ ਦੀਆਂ ਗਤੀਵਿਧੀਆਂ ਹੁਣ ਨਸ਼ਾ ਤਸਕਰੀ ਤੱਕ ਸੀਮਤ ਨਹੀਂ ਰਹੀਆਂ। ਇਸ ਤਰ੍ਹਾਂ ਦੇ ਰੈਕੇਟ ਮਲੇਸ਼ੀਆ ਤੇ ਫਿਲਪੀਨਜ਼ ਵਿਚ ਵੀ ਚੱਲ ਰਹੇ ਹਨ ਅਤੇ ਮੰਨਿਆ ਜਾ ਰਿਹਾ ਹੈ ਕਿ ਇਹ ਚੀਨ ਨਾਲ ਜੁੜੇ ਹੋਏ ਹਨ।

ਭਾਰਤ ਨੂੰ ਚਾਹੀਦਾ ਹੈ ਕਿ ਉਹ ਅਜਿਹੀਆਂ ਧੋਖੇਬਾਜ਼ੀ ਦੀਆਂ ਸਕੀਮਾਂ 'ਤੇ ਸਖ਼ਤੀ ਨਾਲ ਕਾਰਵਾਈ ਕਰੇ ਤੇ ਯਕੀਨੀ ਬਣਾਏ ਕਿ ਆਨਲਾਈਨ/ਫੋਨ ਘੁਟਾਲਿਆਂ ਬਾਰੇ ਵੱਖ-ਵੱਖ ਹਿੱਤਧਾਰਕਾਂ ਤੱਕ ਪੂਰੀ ਜਾਣਕਾਰੀ ਪਹੁੰਚ ਸਕੇ। ਅਪਰਾਧੀਆਂ ਨੂੰ ਰੋਕਣ 'ਚ ਵੱਖ-ਵੱਖ ਮੁਲਕਾਂ ਦਰਮਿਆਨ ਕਰੀਬੀ ਤਾਲਮੇਲ ਤੇ ਜਾਣਕਾਰੀ ਦਾ ਨਿਯਮਿਤ ਵਟਾਂਦਰਾ ਸਹਾਈ ਹੋ ਸਕਦਾ ਹੈ। ਇਕ ਹੋਰ ਪੱਖ ਜਿਸ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ ਹੈ, ਉਹ ਹੈ ਭਾਰਤੀ ਨਾਗਰਿਕਾਂ ਦਾ ਮਿਆਂਮਾਰ ਤੇ ਕੰਬੋਡੀਆ ਵਰਗੇ ਮੁਲਕਾਂ ਵਿਚ ਨੌਕਰੀਆਂ ਲੈਣ ਲਈ ਤਿਆਰ ਹੋ ਜਾਣਾ। ਇਹ ਭਾਰਤ ਵਿਚ ਰੁਜ਼ਗਾਰ ਦੀ ਇਕ ਉਦਾਸ ਤਸਵੀਰ ਪੇਸ਼ ਕਰਦਾ ਹੈ। ਦੇਸ਼ ਦੇ ਹੁਨਰਮੰਦ ਨਾਗਰਿਕਾਂ ਨੂੰ ਇਸ ਖ਼ਤਰਨਾਕ ਜਾਲ 'ਚ ਫਸਣ ਤੋਂ ਬਚਾਉਣ ਲਈ ਮੌਜੂਦਾ ਕਾਰਜਪ੍ਰਣਾਲੀ 'ਚ ਸੁਧਾਰ ਦੀ ਲੋੜ ਹੈ।

ਵਿਸਤਾਰਾ ਦੀਆਂ ਚੁਣੌਤੀਆਂ

ਏਅਰ ਇੰਡੀਆ ਨਾਲ ਆਪਣਾ ਰਲੇਵਾਂ ਹੋਣ ਤੋਂ ਪਹਿਲਾਂ ਵਿਸਤਾਰਾ ਏਅਰਲਾਈਨਜ਼ ਨੂੰ ਕਈ ਤਰ੍ਹਾਂ ਦੀਆਂ ਚੁਣੌਤੀਆਂ ਨਾਲ ਸਿੱਝਣਾ ਪੈ ਰਿਹਾ ਹੈ। ਇਸ ਦੇ ਪਾਇਲਟ ਵਿਰੋਧ ਕਰ ਰਹੇ ਹਨ ਅਤੇ ਕੰਮ ਕਾਜ ਵਿਚ ਅੜਿੱਕੇ ਪੈਦਾ ਹੋਣ ਕਰ ਕੇ ਰਲੇਵੇਂ ਨਾਲ ਜੁੜੀਆਂ ਦਿੱਕਤਾਂ ਸਮੱਸਿਆਵਾਂ ਕਰ ਕੇ ਉਡਾਣਾਂ ਰੱਦ ਹੋ ਰਹੀਆਂ ਹਨ ਜਾਂ ਇਨ੍ਹਾਂ ਵਿਚ ਦੇਰੀ ਹੋ ਰਹੀ ਹੈ ਜਿਸ ਕਰ ਕੇ ਹਜ਼ਾਰਾਂ ਮੁਸਾਫ਼ਰਾਂ ਨੂੰ ਖੱਜਲ ਖੁਆਰ ਹੋਣਾ ਪੈ ਰਿਹਾ ਹੈ। ਇਸ ਏਅਰਲਾਈਨ ਕੰਪਨੀ ਵਿਚ ਚੱਲ ਰਹੀ ਉਥਲ ਪੁਥਲ ਦੀ ਮੂਲ ਵਜ੍ਹਾ ਪਾਇਲਟਾਂ ਦੀਆਂ ਤਨਖਾਹਾਂ ਦੇ ਸੋਧੇ ਹੋਏ ਢਾਂਚੇ ਨੂੰ ਲੈ ਕੇ ਪ੍ਰਬੰਧਕਾਂ ਨਾਲ ਬਣੀ ਬੇਭਰੋਸਗੀ ਹੈ। ਦੋਵੇਂ ਕੰਪਨੀਆਂ ਦੇ ਰਲੇਵੇਂ ਦੇ ਪੇਸ਼ੇਨਜ਼ਰ ਨਵਾਂ ਤਨਖ਼ਾਹ ਢਾਂਚਾ ਲਾਗੂ ਕੀਤਾ ਗਿਆ ਸੀ ਜਿਸ ਕਰ ਕੇ ਪਾਇਲਟ ਖਫ਼ਾ ਸਨ ਅਤੇ ਬਹੁਤ ਸਾਰੇ ਪਾਇਲਟ ਬਿਮਾਰੀ ਦੀ ਛੁੱਟੀ ਲੈ ਕੇ ਚਲੇ ਗਏ ਹਨ ਜਿਸ ਕਰ ਕੇ ਉਡਾਣਾਂ ਦੇ ਸੰਚਾਲਨ ਵਿਚ ਵਿਘਨ ਪੈ ਗਿਆ ਹੈ। ਕੰਟਰੈਕਟ ਦੀਆਂ ਸੋਧੀਆਂ ਹੋਈਆਂ ਸ਼ਰਤਾਂ ਵਿਚ ਇਕ ਮੱਦ ਇਹ ਵੀ ਸ਼ਾਮਲ ਹੈ ਕਿ 70 ਘੰਟਿਆਂ ਦੀ ਬਜਾਇ 40 ਘੰਟਿਆਂ ਦੀ ਸ਼ਿਫ਼ਟ ਲਈ ਮੁਕੱਰਰ ਤਨਖਾਹ ਹੋਵੇਗੀ ਜਿਸ ਤੋਂ ਪਾਇਲਟਾਂ ਦੇ ਮਨ ਵਿਚ ਸ਼ੰਕੇ ਪੈਦਾ ਹੋ ਗਏ ਹਨ ਕਿ ਇਸ ਕਰ ਕੇ ਰਲੇਵੇਂ ਤੋਂ ਬਾਅਦ ਉਨ੍ਹਾਂ ਦੀ ਆਮਦਨ ਅਤੇ ਤਰੱਕੀ ਦੇ ਮੌਕਿਆਂ ਉੱਪਰ ਮਾੜਾ ਅਸਰ ਪੈ ਸਕਦਾ ਹੈ।

ਸੰਕਟ ਹੱਲ ਨਾ ਹੋਣ ਤੋਂ ਬਾਅਦ ਸ਼ਹਿਰੀ ਹਵਾਬਾਜ਼ੀ ਮੰਤਰਾਲੇ ਨੇ ਦਖ਼ਲਅੰਦਾਜ਼ੀ ਕਰਦੇ ਹੋਏ ਵਿਸਤਾਰਾ ਏਅਰਲਾਈਨਜ਼ ਤੋਂ ਉਡਾਣਾਂ ਰੱਦ ਹੋਣ ਤੇ ਦੇਰੀ ਹੋਣ ਬਾਬਤ ਤਫ਼ਸੀਲ ਵਿਚ ਰਿਪੋਰਟ ਮੰਗੀ ਹੈ। ਇਸ ਤੋਂ ਇਲਾਵਾ ਸ਼ਹਿਰੀ ਹਵਾਬਾਜ਼ੀ ਬਾਰੇ ਡਾਇਰੈਕਟੋਰੇਟ ਜਨਰਲ (ਡੀਜੀਸੀਏ) ਨੇ ਏਅਰਲਾਈਨ ਤੋਂ ਰੋਜ਼ ਰਿਪੋਰਟ ਦੇਣ ਦੇ ਹੁਕਮ ਦਿੱਤੇ ਹਨ ਜਿਸ ਤੋਂ ਸੰਕੇਤ ਮਿਲਦਾ ਹੈ ਕਿ ਮੁਸਾਫ਼ਰਾਂ ਦੀ ਖੱਜਲ ਖੁਆਰੀ ਨੂੰ ਘੱਟ ਕਰਨ ਲਈ ਏਅਰਲਾਈਨ ਦੇ ਕੰਮ ਕਾਜ 'ਤੇ ਨਿਗਰਾਨੀ ਵਧਾ ਦਿੱਤੀ ਗਈ ਹੈ।

ਹਾਲਾਂਕਿ ਵਿਸਤਾਰਾ ਨੇ ਫ਼ੌਰੀ ਸੰਕਟ ਨਾਲ ਸਿੱਝਣ ਲਈ ਕਈ ਕਦਮ ਉਠਾਏ ਹਨ ਜਿਨ੍ਹਾਂ ਵਿਚ ਉਡਾਣਾਂ ਦੀ ਸੰਖਿਆ ਵਿਚ ਆਰਜ਼ੀ ਤੌਰ 'ਤੇ ਕਟੌਤੀ ਕਰਨਾ ਅਤੇ ਕੁਝ ਚੋਣਵੇਂ ਮਾਰਗਾਂ 'ਤੇ ਵੱਡੇ ਜਹਾਜ਼ ਤਾਇਨਾਤ ਕਰਨ ਅਤੇ ਪ੍ਰਭਾਵਿਤ ਮੁਸਾਫ਼ਰਾਂ ਦਾ ਕਿਰਾਇਆ ਵਾਪਸ ਕਰਨ ਦੇ ਉਪਰਾਲੇ ਸ਼ਾਮਲ ਹਨ ਪਰ ਮੌਜੂਦਾ ਸਥਿਤੀ ਨਾਲ ਸਿੱਝਣ ਲਈ ਕਈ ਹੋਰ ਵਿਆਪਕ ਉਪਰਾਲਿਆਂ ਦੀ ਲੋੜ ਹੈ। ਹੁਣ ਜਦੋਂ ਦੋਵੇਂ ਕੰਪਨੀਆਂ ਦਾ ਰਲੇਵਾਂ ਲਗਭਗ ਤੈਅ ਹੋ ਗਿਆ ਹੈ ਤਾਂ ਮੁਲਾਜ਼ਮਾਂ ਦੀ ਭਲਾਈ ਅਤੇ ਮੁਸਾਫ਼ਰਾਂ ਦੀ ਸੰਤੁਸ਼ਟੀ ਪਰਮ ਤਰਜੀਹ ਹੋਣੀ ਚਾਹੀਦੀ ਹੈ।

ਵਿਸਤਾਰਾ ਦੀਆਂ ਚੁਣੌਤੀਆਂ ਸ਼ਹਿਰੀ ਹਵਾਬਾਜ਼ੀ ਖੇਤਰ ਵਿਚ ਹੋਣ ਵਾਲੇ ਰਲੇਵਿਆਂ ਦੀਆਂ ਜਟਿਲਤਾਵਾਂ ਦੀ ਯਾਦ ਦਿਵਾਉਂਦੀਆਂ ਹਨ। ਇਸ ਉਥਲ ਪੁਥਲ ਦੇ ਸਮੇਂ 'ਚੋਂ ਗੁਜ਼ਰਨ ਲਈ ਸਰਗਰਮ ਉਪਰਾਲੇ ਅਤੇ ਆਪਸੀ ਤਾਲਮੇਲ ਦੀ ਬਹੁਤ ਜ਼ਰੂਰਤ ਹੈ। ਜਿਵੇਂ ਮੁਸਾਫ਼ਰਾਂ ਨੂੰ ਖੱਜਲ ਖੁਆਰੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਤਾਂ ਵਿਸਤਾਰਾ ਦੀ ਇਹ ਜ਼ਿੰਮੇਵਾਰੀ ਹੈ ਕਿ ਉਹ ਸਾਰੇ ਮੂਲ ਮੁੱਦਿਆਂ ਨੂੰ ਤੇਜ਼ੀ ਨਾਲ ਸੁਲਝਾਵੇ ਅਤੇ ਆਪਣੇ ਕੰਮ ਕਾਜ ਪ੍ਰਤੀ ਭਰੋਸਾ ਬਹਾਲ ਕਰੇ।

ਭਾਰਤ ਹਵਾ ਦੇ ਪ੍ਰਦੂਸ਼ਣ ਨਾਲ ਕਿਵੇਂ ਨਜਿੱਠੇ ?

ਡਾ. ਗੁਰਿੰਦਰ ਕੌਰ

ਸਵਿਸ ਟੈਕਨਾਲੋਜੀ ਕੰਪਨੀ ਆਈਕਿਊਏਅਰ ਦੁਆਰਾ ਤਿਆਰ ਕੀਤੀ ਗਈ ਵਰਲਡ ਏਅਰ ਕੁਆਲਿਟੀ ਰਿਪੋਰਟ 2023, 19 ਮਾਰਚ 2024 ਨੂੰ ਰਿਲੀਜ਼ ਕਰ ਦਿੱਤੀ ਗਈ ਹੈ। ਇਸ ਰਿਪੋਰਟ ਅਨੁਸਾਰ ਭਾਰਤ, ਬੰਗਲਾਦੇਸ਼ ਅਤੇ ਪਾਕਿਸਤਾਨ ਤੋਂ ਬਾਅਦ ਦੁਨੀਆ ਦਾ ਤੀਜਾ ਸਭ ਤੋਂ ਵੱਧ ਪ੍ਰਦੂਸ਼ਿਤ ਦੇਸ਼ ਹੈ ਅਤੇ ਭਾਰਤ ਦੀ ਰਾਜਧਾਨੀ ਨਵੀਂ ਦਿੱਲੀ ਦੁਨੀਆ ਦੀ ਸਭ ਤੋਂ ਪ੍ਰਦੂਸ਼ਿਤ ਰਾਜਧਾਨੀ ਹੈ। ਇਸ ਰਿਪੋਰਟ ਅਨੁਸਾਰ ਦੇਸ਼ ਦੀ ਹਵਾ ਦੀ ਗੁਣਵੱਤਾ ਵਿੱਚ ਪੀ.ਐੱਮ. 2.5 ਦੀ ਮਾਤਰਾ 54.4 ਅਤੇ ਦੇਸ਼ ਦੀ ਰਾਜਧਾਨੀ ਵਿੱਚ ਇਹ ਮਾਤਰਾ 92.7 ਮਾਈਕਰੋਗ੍ਰਾਮ ਪ੍ਰਤੀ ਘਣ ਮੀਟਰ ਹੈ। ਹਵਾ ਵਿਚਲਾ ਇਹ ਪ੍ਰਦੂਸ਼ਣ ਡਬਲਿਓ.ਐੱਚ.ਓ. ਵੱਲੋਂ ਨਿਰਧਾਰਤ ਮਾਪਦੰਡ 5 ਮਾਈਕਰੋਗ੍ਰਾਮ ਪ੍ਰਤੀ ਘਣ ਮੀਟਰ ਤੋਂ ਦੇਸ਼ ਅਤੇ ਰਾਜਧਾਨੀ ਵਿੱਚ ਕ੍ਰਮਵਾਰ 10 ਗੁਣਾ ਅਤੇ 18 ਗੁਣਾ ਤੋਂ ਵੱਧ ਹੈ। 2022 ਵਿੱਚ ਭਾਰਤ ਪੀ.ਐੱਮ. 2.5 ਦੀ ਮਾਤਰਾ 53.3 ਮਾਈਕਰੋਗ੍ਰਾਮ ਪ੍ਰਤੀ ਘਣ ਮੀਟਰ ਨਾਲ ਦੁਨੀਆ ਵਿੱਚ 8ਵੇਂ ਦਰਜੇ ਉੱਤੇ ਸੀ ਜਿਸ ਤੋਂ ਪਤਾ ਲੱਗਦਾ ਹੈ ਕਿ ਭਾਰਤ ਦਾ ਦਰਜਾ 5 ਦਰਜੇ ਥੱਲੇ ਚਲਿਆ ਗਿਆ ਹੈ। ਦੇਸ਼ ਦੀ ਰਾਜਧਾਨੀ ਨੇ 2018 ਤੋਂ ਲਗਾਤਾਰ ਦੁਨੀਆ ਦੀ ਸਭ ਤੋਂ ਪ੍ਰਦੂਸ਼ਿਤ ਰਾਜਧਾਨੀ ਦਾ ਦਰਜਾ ਬਰਕਰਾਰ ਰੱਖਿਆ ਹੈ। ਇਸ ਰਿਪੋਰਟ ਅਨੁਸਾਰ ਦੁਨੀਆ ਦਾ ਸਭ ਤੋਂ ਪ੍ਰਦੂਸ਼ਿਤ ਸ਼ਹਿਰ ਬੇਗੂਸਰਾਏ ਵੀ ਭਾਰਤ ਦੇ ਹੀ ਬਿਹਾਰ ਰਾਜ ਵਿੱਚ ਸਥਿਤ ਹੈ ਜਿੱਥੇ ਪੀ.ਐੱਮ. 2.5 ਦੀ ਘਣਤਾ 118.9 ਮਾਈਕਰੋਗ੍ਰਾਮ ਪ੍ਰਤੀ ਘਣ ਮੀਟਰ ਹੈ ਅਤੇ ਡਬਲਿਓ.ਐੱਚ.ਓ. ਦੇ ਮਾਪਦੰਡ ਤੋਂ 23.7 ਗੁਣਾ ਵੱਧ ਹੈ। ਇਹ ਰਿਪੋਰਟ ਇਹ ਵੀ ਖ਼ੁਲਾਸਾ ਕਰਦੀ ਹੈ ਕਿ ਦੁਨੀਆ ਦੇ ਸਭ ਤੋਂ ਵੱਧ 15 ਪ੍ਰਦੂਸ਼ਿਤ ਸ਼ਹਿਰਾਂ ਵਿੱਚੋਂ 13 ਅਤੇ ਪਹਿਲੇ ਸਭ ਤੋਂ ਵੱਧ ਪ੍ਰਦੂਸ਼ਿਤ 100 ਸ਼ਹਿਰਾਂ ਵਿੱਚੋਂ 83 ਭਾਰਤ ਵਿੱਚ ਹਨ।

ਇਸ ਰਿਪੋਰਟ ਵਿਚਲੇ ਅੰਕੜੇ ਦਰਸਾਉਂਦੇ ਹਨ ਕਿ ਹਵਾ ਦੇ ਪ੍ਰਦੂਸ਼ਣ ਵਿੱਚ ਭਾਰਤ ਦੀ ਹਾਲਤ ਦਿਨ-ਬ-ਦਿਨ ਖ਼ਰਾਬ ਹੁੰਦੀ ਜਾ ਰਹੀ ਹੈ। ਵਰਲਡ ਏਅਰ ਕੁਆਲਿਟੀ ਦੀ ਇਹ ਰਿਪੋਰਟ 134 ਦੇਸ਼ਾਂ ਦੀਆਂ 30,000 ਹਵਾ ਦੀਆਂ ਗੁਣਵੱਤਾ ਮਾਪਣ ਵਾਲੀਆਂ ਥਾਵਾਂ ਤੋਂ ਇਕੱਠੇ ਕੀਤੇ ਗਏ ਅੰਕੜਿਆਂ ਉੱਪਰ ਆਧਾਰਿਤ ਹੈ। ਪੋਰਟੋਰੀਕੋ, ਨਿਊਜ਼ੀਲੈਂਡ, ਆਸਟਰੇਲੀਆ, ਆਈਸਲੈਂਡ, ਬਰਮੂਡਾ, ਅਸਤੋਨੀਆ ਅਤੇ ਫਿਨਲੈਂਡ ਦੇਸ਼ਾਂ ਦੀਆਂ ਰਾਜਧਾਨੀਆਂ ਵਿੱਚ ਪੀ.ਐੱਮ. 2.5 ਦੀ ਹਵਾ ਵਿੱਚ ਘਣਤਾ ਡਬਲਿਓ.ਐੱਚ.ਓ. ਦੇ ਮਾਪਦੰਡ ਉੱਤੇ ਪੂਰਾ ਉੱਤਰਦੀ ਹੈ।

ਹਵਾ ਦੇ ਪ੍ਰਦੂਸ਼ਣ ਦਾ ਮਨੁੱਖੀ ਸਿਹਤ ਅਤੇ ਮਨੁੱਖਾਂ ਦੀ ਔਸਤ ਉਮਰ ਉੱਤੇ ਬੁਰਾ ਪ੍ਰਭਾਵ ਪੈਂਦਾ ਹੈ। ਹਵਾ ਦੇ ਪ੍ਰਦੂਸ਼ਣ ਕਾਰਨ ਦਮਾ, ਚਮੜੀ ਦੀ ਅਲਰਜੀ, ਸਾਹ ਨਾਲੀ ਨਾਲ ਜੁੜੀਆਂ ਬਿਮਾਰੀਆਂ ਦੇ ਨਾਲ ਨਾਲ ਫੇਫੜਿਆਂ ਨਾਲ ਸੰਬੰਧਿਤ ਬਿਮਾਰੀਆਂ ਵੀ ਹو ਜਾਂਦੀਆਂ ਹਨ। ਹਵਾ ਦੇ ਪ੍ਰਦੂਸ਼ਣ ਕਾਰਨ ਵਿਅਕਤੀਆਂ ਦੀ ਔਸਤ ਉਮਰ ਵੀ ਘਟ ਜਾਂਦੀ ਹੈ, ਜਿੰਨਾ ਕਿਸੇ ਥਾਂ ਉੱਤੇ ਹਵਾ ਦਾ ਜ਼ਿਆਦਾ ਪ੍ਰਦੂਸ਼ਣ ਹੋਵੇਗਾ ਉਸੇ ਅਨੁਪਾਤ ਵਿੱਚ ਉੱਥੇ ਰਹਿੰਦੇ ਵਿਅਕਤੀਆਂ ਦੀ ਔਸਤ ਉਮਰ ਘਟੇਗੀ। ਐਨਰਜੀ ਪਾਲਿਸੀ ਇੰਸਟੀਚਿਊਟ ਆਫ਼ ਸ਼ਿਕਾਗੋ ਦੀ 2021 ਦੀ ਇੱਕ ਖੋਜ ਅਨੁਸਾਰ ਦਿੱਲੀ ਵਿੱਚ ਰਹਿੰਦੇ ਵਿਅਕਤੀਆਂ ਦੀ ਔਸਤ ਉਮਰ 11.9 ਸਾਲ ਤੱਕ ਘਟ ਸਕਦੀ ਹੈ ਕਿਉਂਕਿ ਇੱਥੇ ਹਵਾ ਦੇ ਪ੍ਰਦੂਸ਼ਣ ਦਾ ਸਤਰ ਬਹੁਤ ਜ਼ਿਆਦਾ ਹੈ, ਪਰ ਦੇਸ਼ ਦੇ ਦੱਖਣੀ ਰਾਜਾਂ ਵਿੱਚ ਹਵਾ ਦੇ ਪ੍ਰਦੂਸ਼ਣ ਦਾ ਸਤਰ ਘੱਟ ਹੋਣ ਕਾਰਨ ਉੱਥੇ ਰਹਿਣ ਵਾਲੇ ਮਨੁੱਖਾਂ ਦੀ ਔਸਤ ਉਮਰ ਉੱਤੇ ਘੱਟ ਪ੍ਰਭਾਵ ਰਿਕਾਰਡ ਕੀਤਾ ਗਿਆ ਸੀ।

ਸਾਫ਼ ਹਵਾ, ਪਾਣੀ, ਅਤੇ ਭੋਜਨ ਮਨੁੱਖ ਦੀ ਜ਼ਿੰਦਗੀ ਦੀਆਂ ਮੁੱਢਲੀਆਂ ਲੋੜਾਂ ਗਿਣੀਆਂ ਜਾਂਦੀਆਂ ਹਨ। ਮਨੁੱਖ ਭੋਜਨ ਤੋਂ ਬਿਨਾਂ ਇੱਕ ਜਾਂ ਦੋ ਮਹੀਨੇ, ਪਾਣੀ ਤੋਂ ਬਿਨਾਂ ਦੋ-ਤਿੰਨ ਦਿਨ ਕੱਟ ਸਕਦਾ ਹੈ, ਪਰ ਹਵਾ ਤੋਂ ਬਿਨਾਂ ਕੁਝ ਮਿੰਟ ਵੀ ਨਹੀਂ ਰਹਿ ਸਕਦਾ ਹੈ। ਸਾਹ ਲੈਣ ਲਈ ਹਵਾ ਜ਼ਰੂਰੀ ਹੈ, ਪਰ ਜੇਕਰ ਮਨੁੱਖ ਪ੍ਰਦੂਸ਼ਿਤ ਹਵਾ ਵਿੱਚ ਸਾਹ ਲੈਂਦਾ ਹੈ ਤਾਂ ਉਹ ਆਪਣੇ ਆਪ ਨੂੰ ਕਿਸੇ ਵੀ ਤਰ੍ਹਾਂ ਬਿਮਾਰੀਆਂ ਤੋਂ ਬਚਾ ਨਹੀਂ ਸਕਦਾ।

ਪੀ.ਐੱਮ. (ਪਰਟੀਕੁਲੇਟ ਮੈਟਰ) ਦਾ ਭਾਵ ਹੈ ਕਣ ਪਦਾਰਥ ਤੇ 2.5 ਇਸ ਦੇ ਆਕਾਰ ਨੂੰ ਦਰਸਾਉਂਦੇ ਹਨ - 2.5 ਮਾਈਕਰੋਨ ਜਾਂ ਇੱਕ ਵਾਲ ਦੇ ਵਿਆਸ ਦਾ 30ਵਾਂ ਹਿੱਸਾ। ਪੀ.ਐੱਮ. 2.5 ਪ੍ਰਦੂਸ਼ਣ ਦਾ ਛੋਟਾ ਆਕਾਰ ਇਸ ਨੂੰ ਜ਼ਿਆਦਾ ਘਾਤਕ ਬਣਾਉਂਦਾ ਹੈ। ਛੋਟੇ ਆਕਾਰ ਦੇ ਹੋਣ ਕਰਕੇ ਇਹ ਕਣ ਸਾਹ ਰਾਹੀਂ ਮਨੁੱਖ ਦੇ ਸਰੀਰ ਵਿੱਚ ਦਾਖ਼ਲ ਹੋ ਕੇ ਸਾਹ ਨਾਲੀ, ਫੇਫੜਿਆਂ, ਦਿਲ ਦੇ ਦੌਰੇ ਅਤੇ ਸਟਰੋਕ ਬਿਮਾਰੀਆਂ ਦਾ ਕਾਰਨ ਵੀ ਬਣਦੇ ਹਨ। ਇੱਕ ਖੋਜ ਅਨੁਸਾਰ ਇਹ ਮਨੁੱਖੀ ਸਰੀਰ ਵਿੱਚ ਆਕਸੀਡੇਟਿਵ ਤਣਾਅ ਵੀ ਪੈਦਾ ਕਰਦਾ ਹੈ ਜੋ ਪਾਰਕਿਨਸਨ ਬਿਮਾਰੀ ਤੋਂ ਲੈ ਕੇ ਕੈਂਸਰ ਤੱਕ ਦੀਆਂ ਬਿਮਾਰੀਆਂ ਨਾਲ ਜੁੜਿਆ ਹੈ। ਹਵਾ ਦਾ ਪ੍ਰਦੂਸ਼ਣ ਬੱਚਿਆਂ ਦੇ ਦਿਮਾਗੀ ਵਿਕਾਸ ਉੱਤੇ ਵੀ ਬੁਰਾ ਪ੍ਰਭਾਵ ਪਾਉਂਦਾ ਹੈ। ਕੁਮਾਰ ਅਤੇ ਸਾਲਵੀ ਦੀ ਇੱਕ ਖੋਜ (2021) ਅਨੁਸਾਰ ਦਿੱਲੀ ਵਿੱਚ ਵਧ ਰਹੇ ਹਵਾ ਦੇ ਪ੍ਰਦੂਸ਼ਣ ਕਾਰਨ ਸਕੂਲ ਜਾਣ ਵਾਲੇ ਤਿੰਨ ਬੱਚਿਆਂ ਵਿੱਚੋਂ ਇੱਕ ਬੱਚਾ ਦਮੇ ਦੀ ਬਿਮਾਰੀ ਨਾਲ ਪੀੜਿਤ ਹੈ। ਬੱਚਿਆਂ ਦੇ ਫੇਫੜੇ ਵੀ ਹਵਾ ਦੇ ਪ੍ਰਦੂਸ਼ਣ ਨਾਲ ਪ੍ਰਭਾਵਿਤ ਹੁੰਦੇ ਹਨ।

ਡਬਲਿਓ. ਐੱਚ.ਓ. ਨੇ ਪੀ.ਐੱਮ. 2.5 ਦੇ ਘਾਤਕ ਪ੍ਰਭਾਵ ਨੂੰ ਦੇਖਦੇ ਹੋਏ 2021 ਵਿੱਚ ਹਵਾ ਵਿੱਚ ਇਸ ਦੀ ਘਣਤਾ ਮਨੁੱਖੀ ਸਿਹਤ ਲਈ ਸੁਰੱਖਿਅਤ ਸੀਮਾ 10 ਮਾਈਕਰੋਗ੍ਰਾਮ ਪ੍ਰਤੀ ਘਣ ਮੀਟਰ ਤੋਂ ਘਟਾ ਕੇ 5 ਮਾਈਕਰੋਗ੍ਰਾਮ ਕਰ ਦਿੱਤੀ ਸੀ। ਹਵਾ ਦੇ ਪ੍ਰਦੂਸ਼ਣ ਦੇ ਮੁੱਖ ਸਰੋਤ ਵਾਹਨਾਂ ਦੀ ਵਧਦੀ ਗਿਣਤੀ, ਉਦਯੋਗਿਕ ਇਕਾਈਆਂ, ਥਰਮਲ ਪਲਾਂਟ, ਉਸਾਰੀ ਦੇ ਕੰਮ, ਏ.ਸੀ. ਦੀ ਵਧਦੀ ਵਰਤੋਂ, ਕੂੜੇ-ਕਰਕਟ ਦੇ ਢੇਰ, ਅਤੇ ਫਸਲਾਂ ਦੀ ਰਹਿੰਦ-ਖੂੰਹਦ ਨੂੰ ਅੱਗ ਲਗਾਉਣਾ ਆਦਿ ਹਨ। ਦਿੱਲੀ ਵਿੱਚ ਪੀ.ਐੱਮ. 2.5 ਦੇ 40 ਫ਼ੀਸਦ ਨਿਕਾਸ ਲਈ ਵਾਹਨ ਜ਼ਿੰਮੇਵਾਰ ਹਨ। ਹਵਾ ਦੇ ਪ੍ਰਦੂਸ਼ਣ ਉੱਤੇ ਕਾਬੂ ਪਾ

ਐਸਡੀਓ ਕੰਵਲਜੀਤ ਸਿੰਘ ਵੱਲੋਂ ਬਣ ਰਹੀ ਨਵੀਂ ਸੜਕ ਦਾ ਨਿਰੀਖਣ ਕੀਤਾ

ਗੁਰਦਾਸਪੁਰ, 5 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਸ੍ਰੀ ਹਰਗੋਬਿੰਦਪੁਰ ਸਾਹਿਬ ਸ਼ਹਿਰ ਵਿੱਚ PWD ਵੱਲੋਂ ਸੜਕਾਂ ਚੌੜੀਆਂ ਕਰਕੇ ਪ੍ਰੀ ਮਿਕਸ ਪਾਇਆ ਜਾ ਰਿਹਾ ਹੈ ਇਹ ਸੜਕ ਅੰਮ੍ਰਿਤਸਰ ਗਾਲੋਵਾਲ ਪੁਲੀ ਤੋਂ ਬੱਸ ਸਟੈਂਡ ਤੋਂ ਹੁੰਦੀ ਹੋਈ ਬਟਾਲਾ ਰੋਡ ਸਬ ਤਹਿਸੀਲ ਵਾਲੀ ਪੁਲੀ ਤੱਕ ਅਤੇ ਬਟਾਲਾ ਰੋਡ ਤੋਂ ਗੁਰਦਾਸਪੁਰ ਰੋਡ ਬਾਈਪਾਸ ਤੱਕ ਇਸ ਤੋਂ ਇਲਾਵਾ ਤਲਵਾੜਾ ਰੋਡ ਉੱਪਰ ਪ੍ਰੀ ਮਿਕਸ ਪਾ ਕੇ ਸੜਕ ਤਿਆਰ ਕੀਤੀ ਜਾ ਰਹੀ ਹੈ ਅੱਜ PWD ਦੇ ਐਸਡੀਓ ਸਰਦਾਰ ਕੰਵਲਜੀਤ ਸਿੰਘ ਵੱਲੋਂ ਮੌਕੇ ਤੇ ਪਹੁੰਚ ਕੇ ਸੜਕ ਉੱਪਰ ਪੈ ਰਹੇ ਪ੍ਰੀ ਮਿਕਸ ਦੀ ਚੈਕਿੰਗ ਕੀਤੀ ਉਹਨਾਂ ਪ੍ਰੈਸ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਸ ਸੜਕ ਦਾ ਲਗਭਗ ਇੱਕ ਸਾਲ ਪਹਿਲਾਂ ਪੰਜਾਬ ਸਰਕਾਰ ਦੇ ਹੁਕਮਾਂ ਤਹਿਤ ਟੈਂਡਰ ਲੱਗਾ ਸੀ ਜਿਸ ਦੀ ਇੱਕ ਲੇਹਰ ਪਾ ਦਿੱਤੀ ਗਈ ਸੀ ਅਤੇ ਦੂਸਰੀ ਲੇਹਰ ਹੁਣ ਪਾਈ ਜਾ ਰਹੀ ਹੈ।

ਉਨ੍ਹਾਂ ਕਿਹਾ ਕਿ ਇਸ ਸੜਕ ਵਿੱਚ ਵਧੀਆ ਕੁਆਲਿਟੀ ਦਾ ਮਟੀਰੀਅਲ ਵਰਤਿਆ ਜਾ ਰਿਹਾ ਹੈ ਦੂਜੇ ਪਾਸੇ ਸ਼ਹਿਰ ਦੀਆਂ ਬਣ ਰਹੀਆਂ ਸੜਕਾਂ ਨੂੰ ਲੈ ਕੇ ਸ਼ਹਿਰ ਵਾਸੀਆਂ ਵਿੱਚ ਖੁਸ਼ੀ ਦੀ ਲਹਿਰ ਹੈ ਅਤੇ pwd ਦੇ ਉੱਚ ਅਧਿਕਾਰੀਆਂ ਦਾ ਧੰਨਵਾਦ ਵੀ ਕੀਤਾ।

ਅਸਲਾ ਡੀਲਰਾਂ ਨੂੰ ਆਪਣੇ ਦਫ਼ਤਰਾਂ ਦੇ ਬਾਹਰ ਹਥਿਆਰ ਜਮ੍ਹਾਂ ਕਰਵਾਉਣ ਦੀ ਫੀਸ ਪ੍ਰਦਰਸ਼ਿਤ ਕਰਨ ਲਈ ਕਿਹਾ

ਮੁਹਾਲੀ, 5 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਜ਼ਿਲ੍ਹਾ ਮੈਜਿਸਟ੍ਰੇਟ-ਕਮ-ਜ਼ਿਲ੍ਹਾ ਚੋਣ ਅਫ਼ਸਰ ਸ਼੍ਰੀਮਤੀ ਆਸ਼ਿਕਾ ਜੈਨ ਨੇ ਆਦਰਸ਼ ਚੋਣ ਜ਼ਾਬਤਾ ਲਾਗੂ ਹੋਣ ਅਤੇ ਆਗਾਮੀ ਲੋਕ ਸਭਾ ਚੋਣਾਂ-2024 ਦੇ ਮੱਦੇਨਜ਼ਰ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੇ ਅਸਲਾ ਲਾਇਸੰਸਧਾਰਕਾਂ ਨੂੰ ਆਪਣਾ ਅਸਲਾ ਨਜ਼ਦੀਕੀ ਪੁਲਿਸ ਸਟੇਸ਼ਨ ਵਿੱਚ ਤੁਰੰਤ ਪ੍ਰਭਾਵ ਨਾਲ ਜਮ੍ਹਾਂ ਕਰਵਾਉਣ ਦੇ ਨਿਰਦੇਸ਼ ਦਿੱਤੇ ਹਨ।

ਉਨ੍ਹਾਂ ਕਿਹਾ ਕਿ ਪੁਲਿਸ ਸਟੇਸ਼ਨ ਵੱਲੋਂ ਅਸਲਾ ਜਮ੍ਹਾਂ ਕਰਵਾਉਣ 'ਤੇ ਕੋਈ ਫੀਸ ਨਹੀਂ ਲਈ ਜਾਵੇਗੀ ਜਦਕਿ ਅਸਲਾ ਡੀਲਰ ਕੋਲ 200 ਰੁਪਏ ਪ੍ਰਤੀ ਮਹੀਨਾ ਹਥਿਆਰ ਜਮ੍ਹਾ ਕਰਵਾਉਣ ਦੀ ਮਾਮੂਲੀ ਫੀਸ ਅਦਾ ਕਰਨੀ ਪਵੇਗੀ।

ਅੱਜ ਜ਼ਿਲ੍ਹੇ ਵਿੱਚ ਅਸਲਾ ਲਾਇਸੰਸ ਜਮ੍ਹਾਂ ਕਰਵਾਉਣ ਦੀ ਸਥਿਤੀ ਦਾ ਜਾਇਜ਼ਾ ਲੈਂਦਿਆਂ ਉਨ੍ਹਾਂ ਨੇ ਏ.ਡੀ.ਸੀ.(ਜ) ਨੂੰ ਕਿਹਾ ਕਿ ਉਹ ਅਸਲਾ ਲਾਇਸੰਸਧਾਰਕਾਂ ਦੀ ਸਹੂਲਤ ਲਈ ਜ਼ਿਲ੍ਹੇ ਦੇ ਹਰੇਕ ਅਸਲਾ ਡੀਲਰ ਦੇ ਬਾਹਰ ਜਮ੍ਹਾਂ ਫੀਸ ਡਿਸਪਲੇ ਕਰਨ ਨੂੰ ਯਕੀਨੀ ਬਣਾਉਣ। ਉਨ੍ਹਾਂ ਐਸ.ਡੀ.ਐਮਜ਼ ਨੂੰ ਹਦਾਇਤ ਕੀਤੀ ਕਿ ਇਨ੍ਹਾਂ ਡਿਸਪਲੇ ਨੋਟਿਸਾਂ ਦੀ ਵੀ ਅਚਨਚੇਤ ਜਾਂਚ ਕੀਤੀ ਜਾਵੇ।

ਜ਼ਿਲ੍ਹਾ ਮੈਜਿਸਟਰੇਟ ਨੇ ਅੱਗੇ ਦੱਸਿਆ ਕਿ ਸੀਆਰਪੀਸੀ ਦੀ ਧਾਰਾ 144 ਅਧੀਨ 16 ਮਾਰਚ, 2024 ਤੋਂ ਜ਼ਿਲ੍ਹੇ ਵਿੱਚ ਅਸਲਾ, ਗੋਲਾ ਬਾਰੂਦ, ਵਿਸਫੋਟਕ ਜਲਣਸ਼ੀਲ ਵਸਤੂਆਂ ਅਤੇ ਤੇਜ਼ਧਾਰ ਹਥਿਆਰਾਂ ਨੂੰ ਲੈ ਕੇ ਜਾਣ 'ਤੇ ਪਾਬੰਦੀ ਸਬੰਧੀ ਮਨਾਹੀ ਵਾਲਾ ਹੁਕਮ ਪਹਿਲਾਂ ਹੀ ਲਾਗੂ ਹੈ। ਉਨ੍ਹਾਂ ਨੇ ਕਿਹਾ ਕਿ ਇਸ ਹੁਕਮ ਦੀ ਪਾਲਣਾ ਨਾ ਕਰਨ 'ਤੇ ਕਾਨੂੰਨੀ ਤੌਰ 'ਤੇ ਕਾਰਵਾਈ ਕੀਤੀ ਜਾ ਸਕਦੀ ਹੈ ਅਤੇ ਭਾਰਤੀ ਦੰਡਾਵਲੀ ਦੀਆਂ ਉਚਿਤ ਧਾਰਾਵਾਂ ਅਤੇ ਹੋਰ ਸਬੰਧਤ ਕਾਨੂੰਨਾਂ ਦੇ ਤਹਿਤ ਮੁਕੱਦਮਾ ਚਲਾਇਆ ਜਾ ਸਕਦਾ ਹੈ।

ਹਾਲਾਂਕਿ, ਇਹ ਹੁਕਮ ਫੌਜ, ਅਰਧ ਸੈਨਿਕ ਬਲਾਂ ਅਤੇ ਬਾ-ਵਰਦੀ ਪੁਲਿਸ ਕਰਮਚਾਰੀਆਂ, ਬੈਂਕ ਗਾਰਡਾਂ ਅਤੇ ਬੈਂਕਾਂ ਦੇ ਨਕਦੀ ਅਤੇ ਕੈਸ਼ ਲੈ ਕੇ ਜਾਣ ਵਾਲੇ ਵਾਹਨਾਂ ਦੇ ਕਰਮਚਾਰੀਆਂ ਲਈ ਲਾਗੂ ਹੋਣ ਯੋਗ ਨਹੀਂ ਹੋਵੇਗਾ ਜੋ ਅਧਿਕਾਰਤ ਤੌਰ 'ਤੇ ਹਥਿਆਰ ਰੱਖਣ ਅਤੇ ਲੈ ਕੇ ਚੱਲਣ ਦੇ ਅਧਿਕਾਰਤ ਹਨ ਅਤੇ ਆਪਣੀ ਸਰਕਾਰੀ ਡਿਊਟੀ ਦੇ ਹਿੱਸੇ ਵਜੋਂ ਹਥਿਆਰ ਲੈ ਕੇ ਜਾਂਦੇ ਹਨ। ਨੈਸ਼ਨਲ ਰਾਈਫਲ ਐਸੋਸੀਏਸ਼ਨ ਦੇ ਮੈਂਬਰਾਂ ਨੂੰ ਈ ਸੀ ਆਈ ਦੇ ਆਦੇਸ਼ ਨੰਬਰ 464/*×®/2007/♦*©-1 ਮਿਤੀ 08.01.2017 ਦੇ ਤਹਿਤ ਛੋਟ ਦਿੱਤੀ ਜਾਵੇਗੀ।

ਮੀਟਿੰਗ ਵਿੱਚ ਵਧੀਕ ਡਿਪਟੀ ਕਮਿਸ਼ਨਰ (ਜ) ਵਿਰਾਜ ਐਸ ਤਿੜਕੇ, ਸਹਾਇਕ ਕਮਿਸ਼ਨਰ (ਜ) ਡੇਵੀ ਗੋਇਲ ਅਤੇ ਚੋਣ ਤਹਿਸੀਲਦਾਰ ਸੰਜੇ ਕੁਮਾਰ ਵੀ ਹਾਜ਼ਰ ਸਨ

26 ਮਾਰਕੀਟ ਕਮੇਟੀਆਂ ਨੂੰ ਮਰਜ ਕਰਨ ਦੀ ਮੰਡੀ ਬੋਰਡ ਨੇ ਰੱਖੀ

ਮਾਛੀਵਾੜਾ ਸਾਹਿਬ, 5 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ ਵੱਲੋਂ ਦੇਸ਼ ਦੇ 9 ਧਨਾਢ ਕਾਰਪੋਰੇਟ ਘਰਾਣਿਆਂ ਨੂੰ ਵੱਖ ਵੱਖ ਜਿਲ੍ਹਿਆਂ ਵਿੱਚ ਹਾੜ੍ਹੀ ਦੇ ਸੀਜਨ 2024-25 ਲਈ ਕਣਕ ਦੀ ਫ਼ਸਲ ਦੀ ਖ਼ਰੀਦ,ਵੇਚ,ਸਟੋਰੇਜ ਅਤੇ ਪ੍ਰੋਸੈਸਿੰਗ ਕਰਨ ਦੀ ਮਨਜ਼ੂਰੀ ਦੇ ਦਿੱਤੀ ਹੈ, ਜਿਸ ਨਾਲ ਹੁਣ ਇਹ 9 ਧਨਾਢ ਕਾਰਪੋਰੇਟ ਘਰਾਣੇ ਆਪਣੀ ਮਰਜੀ ਨਾਲ ਕਣਕ ਦੀ ਖ਼ਰੀਦ ਵੇਚ ਕਰਨਗੇ। ਇਸ ਸਬੰਧੀ ਇੱਕ ਪੱਤਰ ਸੋਸ਼ਲ ਮੀਡੀਆ ਉੱਤੇ ਚਰਚਾ ਵਿੱਚ ਹੈ ਜਿਸ ਅਨੁਸਾਰ ਇਥੇ ਹੀ ਬੱਸ ਨਹੀਂ ਪੰਜਾਬ ਸਰਕਾਰ ਦੇ ਅਦਾਰੇ ਮੰਡੀਕਰਨ ਬੋਰਡ ਵੱਲੋਂ ਮਾਰਕੀਟ ਫੀਸ ਅਤੇ ਹੋਰ ਖਰਚਿਆਂ ਨੂੰ ਮੱਦੇਨਜ਼ਰ ਰੱਖਦਿਆਂ ਪੰਜਾਬ ਦੇ ਵੱਖ ਵੱਖ ਜਿਲ੍ਹਿਆਂ ਦੀਆਂ 26 ਮਾਰਕੀਟ ਕਮੇਟੀਆਂ ਨੂੰ ਵੱਖ ਵੱਖ ਵਿਭਾਗਾਂ ਵਿੱਚ ਮਰਜ ਕਰਨ ਦੀ ਤਜ਼ਵੀਜ਼ ਵੀ ਰੱਖੀ ਗਈ ਹੈ ਜਦ ਕਿ ਖਰੜ ਅਤੇ ਮੋਹਾਲੀ ਦੀ ਮਾਰਕੀਟ ਕਮੇਟੀ ਨੂੰ ਮਰਜ ਕਰਨ ਦਾ ਮਤਾ 19 ਫਰਵਰੀ 2024 ਨੂੰ ਪਾਸ ਕੀਤਾ ਗਿਆ ਹੈ।

ਜਿਹੜੀਆਂ ਮਾਰਕੀਟ ਕਮੇਟੀਆਂ ਨੂੰ ਮਰਜ ਕਰਨ ਦਾ ਫੈਸਲਾ ਲਿਆ ਗਿਆ ਹੈ ਉਨ੍ਹਾਂ ਵਿੱਚ ਸ਼੍ਰੀ ਅੰਮ੍ਰਿਤਸਰ ਸਾਹਿਬ ਦੀਆਂ ਅਟਾਰੀ,ਮਹਿਤਾ ਅਤੇ ਮਜੀਠਾ ਸ਼੍ਰੀ ਫਤਹਿਗੜ੍ਹ ਸਾਹਿਬ ਦੀਆਂ ਬੱਸੀ ਪਠਾਣਾਂ,ਮੰਡੀ ਗੋਬਿੰਦਗੜ੍ਹ ਦੀ ਚਰਨਾਂਥੱਲ ਫਿਰੋਜ਼ਪੁਰ ਦੀ ਮੰਡੀ ਪੰਜੇ ਕੇ ਉਤਾੜ ਗੁਰਦਾਸਪੁਰ ਦੀਆਂ ਦੀਨਾ ਨਗਰ,ਦਸੂਹਾ,ਭੋਗਪੁਰ,ਗੁਰਾਇਆ,ਮਲੋਦ ਮੋਗਾ ਦੀ ਮੰਡੀ ਫਤਹਿਗੜ੍ਹ ਪੰਜਤੂਰ ਪਠਾਨਕੋਟ ਦੀ ਮੰਡੀ ਨਰੋਟ ਜੈਮਲ ਸਿੰਘ ਰੂਪਨਗਰ ਦੀਆਂ ਰੂਪਨਗਰ ਮੋਰਿੰਡਾ,ਚਮਕੌਰ ਸਾਹਿਬ ਅਤੇ ਸ੍ਰੀ ਆਨੰਦਪੁਰ ਸਾਹਿਬ ਸਾਹਿਬਜਾਦਾ ਅਜੀਤ ਸਿੰਘ ਨਗਰ ਦੀਆਂ ਖਰੜ,ਕੁਰਾਲੀ,ਡੇਰਾਬੱਸੀ,ਲਾਲੜੂ,ਮੋਹਾਲੀ ਅਤੇ ਬਨੂੜ ਸ਼ਹੀਦ ਭਗਤ ਸਿੰਘ ਨਗਰ ਦੀ ਮੰਡੀ ਬਲਾਚੌਰ ਅਤੇ ਤਰਨਤਾਰਨ ਦੀ ਮੰਡੀ ਹਰੀਕੇ ਨੂੰ ਆਉਣ ਵਾਲੇ ਸਮੇਂ ਵਿੱਚ ਪੰਜਾਬ ਦੇ ਵੱਖ ਵੱਖ ਵਿਭਾਗਾਂ ਵਿੱਚ ਮਰਜ ਕੀਤਾ ਜਾਣਾ ਹੈ।

ਇਸ ਤੋਂ ਇਲਾਵਾ ਪੰਜਾਬ ਮੰਡੀ ਬੋਰਡ ਵੱਲੋਂ ਪੰਜਾਬ ਐਗਰੀਕਲਚਰਲ ਪ੍ਰੋਡੀਊਸ ਮਾਰਕੀਟ ਐਕਟ 1961 ਦੇ ਸੈਕਸ਼ਨ 7 ਏ ਅਤੇ 13 (♦)(ਏ) ਦੇ ਅਧੀਨ ਸਰਕਾਰ ਦੇ ਮੀਮੋ ਨੰਬਰ 18 (50) ਐਮ-1-87/18-12 1987 ਰਾਹੀਂ ਡੈਲੀਗੇਟ ਕੀਤੇ ਅਤੇ ਇਸ ਸਬੰਧੀ ਸਮਰੱਥਾ ਦੇਣ ਵਾਲੇ ਹੋਰਨਾਂ ਅਧਿਕਾਰਾਂ ਦੀ ਵਰਤੋਂ ਕਰਦਿਆਂ 15 ਮਾਰਚ 2024 ਨੂੰ ਪੰਜਾਬ ਮੰਡੀ ਬੋਰਡ ਵੱਲੋਂ ਵੱਖ ਵੱਖ ਜਿਲ੍ਹਿਆਂ ਦੀਆਂ ਮਾਰਕੀਟ ਕਮੇਟੀਆਂ ਦੇ ਖੇਤਰਫਲ ਅਧੀਨ 9 ਸਾਈਲੋਜ ਨੂੰ ਹਾੜ੍ਹੀ ਦੇ ਸੀਜਨ 2024-25 ਦੌਰਾਨ ਕਣਕ ਦੀ ਖ਼ਰੀਦ ਵੇਚ ਅਤੇ ਪ੍ਰੋਸੈਸਿੰਗ ਕਰਨ ਦੀ ਮਨਜ਼ੂਰੀ ਦੇ ਦਿੱਤੀ ਹੈ ਜਿਸ ਨਾਲ ਪੰਜਾਬ ਵਿੱਚ ਕੇਂਦਰ ਸਰਕਾਰ ਵੱਲੋਂ ਬਣਾਏ ਤਿੰਨ ਖੇਤੀ ਵਿਰੋਧੀ ਕਾਨੂੰਨਾਂ ਨੂੰ ਲਾਗੂ ਕਰਨ ਦਾ ਰਾਹ ਪੱਧਰਾ ਹੋ ਗਿਆ ਹੈ।

ਪੰਜਾਬ ਮੰਡੀ ਬੋਰਡ ਵੱਲੋਂ 9 ਧਨਾਢ ਕਾਰਪੋਰੇਟ ਘਰਾਣਿਆਂ ਨੂੰ ਕਣਕ ਦੀ ਖ਼ਰੀਦ ਵੇਚ ਕਰਨ ਦੀ ਮਨਜ਼ੂਰੀ ਦੇ ਦਿੱਤੀ ਗਈ ਹੈ।ਫ਼ਰੀਦਕੋਟ ਦੀ ਮਾਰਕੀਟ ਕਮੇਟੀ ਕੋਟਕਪੂਰਾ ਵਿੱਚ ਆਦਾਨੀ ਸਾਈਲੋ ਵਿੱਚ 25000 ਮੀਟ੍ਰਿਕ ਟਨ ਲੁਧਿਆਣਾ ਦੀ ਕਮੇਟੀ ਸਾਹਨੇਵਾਲ ਵਿੱਚ ਲਿਪ ਲੋਪਸਟਿਕ ਪ੍ਰਾਈਵੇਟ ਲਿਮਟਿਡ ਵਿੱਚ 50000 ਮੀਟ੍ਰਿਕ ਟਨ ਮਲੇਰਕੋਟਲਾ ਦੀ ਮੰਡੀ ਮਲੇਰਕੋਟਲਾ ਅਤੇ ਅਹਿਮਦਗੜ੍ਹ ਵਿੱਚ 100000 ਮੀਟ੍ਰਿਕ ਟਨ ਸਾਈਲੋ ਸੰਗਰੂਰ ਦੀ ਸੁਨਾਮ ਮੰਡੀ ਵਿੱਚ ਮਾਈ ਸਾਈਲੋ ਅਤੇ ਐਮ ਬੀ ਆਰ ਸਾਈਲੋ ਛਾਜਲੀ 150000 ਮੀਟ੍ਰਿਕ ਟਨ ਗੁਰਦਾਸਪੁਰ ਦੀ ਮੰਡੀ ਧਾਰੀਵਾਲ ਦੇ ਪਿੰਡ ਛੀਨਾ ਰੋਲ ਵਾਲ ਵਿੱਚ 50000 ਮੀਟ੍ਰਿਕ ਟਨ ਮੋਗਾ ਦੀ ਮੰਡੀ ਮੋਗਾ ਦੇ ਆਦਾਨੀ ਸਾਈਲੋ ਵਿੱਚ 200000 ਮੀਟ੍ਰਿਕ ਟਨ ਬਰਨਾਲਾ ਦੇ ਵੀ ਆਰ ਸਾਈਲੋ ਵਿੱਚ 50000 ਮੀਟ੍ਰਿਕ ਟਨ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਮੰਡੀ ਮਜੀਠਾ ਦੇ ਪਿੰਡ ਕੱਥੂਨੰਗਲ ਸਾਈਲੋ ਵਿੱਚ 50000 ਮੀਟ੍ਰਿਕ ਟਨ ਅਤੇ ਪਟਿਆਲਾ ਦੀ ਮੰਡੀ ਨਾਭਾ ਦੇ ਪਿੰਡ ਛੀਟਾਂ ਵਾਲਾ ਦੇ ਐਮ ਆਰ ਬੀ ਸਾਈਲੋ ਨੂੰ 50000 ਮੀਟ੍ਰਿਕ ਟਨ ਕਣਕ ਦੀ ਖ਼ਰੀਦ ਕਰਨ ਦੀ ਮਨਜ਼ੂਰੀ ਦਿੱਤੀ ਗਈ ਹੈ।

ਬੀਐਸਐਫ ਨੇ ਅੰਮ੍ਰਿਤਸਰ ਵਿੱਚ ਇੱਕ ਸ਼ੱਕੀ ਪਾਕਿਸਤਾਨੀ ਨੂੰ ਗ੍ਰਿਫ਼ਤਾਰ ਕੀਤਾ ਹੈ।

ਅੰਮ੍ਰਿਤਸਰ, 5 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਅੰਮ੍ਰਿਤਸਰ ਵਿੱਚ ਬੀ.ਐਸ.ਐਫ ਵੱਲੋਂ ਇੱਕ ਸ਼ੱਕੀ ਪਾਕਿਸਤਾਨੀ ਨੂੰ ਫੜਿਆ ਗਿਆ ਹੈ। ਅਤੇ ਸਰਹੱਦ 'ਤੇ ਬੀ.ਐਸ.ਐਫ ਨੇ ਨੌਜਵਾਨ ਨੂੰ ਪੰਜਾਬ ਪੁਲਿਸ ਦੇ ਹਵਾਲੇ ਕਰ ਦਿੱਤਾ ਹੈ। ਫਿਲਹਾਲ ਮਾਮਲੇ ਦੀ ਜਾਂਚ ਚੱਲ ਰਹੀ ਹੈ। ਬੀ.ਐਸ.ਐਫ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ 31 ਮਾਰਚ 2024 ਨੂੰ ਸ਼ਾਮ 5:45 ਵਜੇ ਅੰਮ੍ਰਿਤਸਰ ਜ਼ਿਲ੍ਹੇ ਵਿੱਚ ਸਰਹੱਦੀ ਵਾੜ ਨੇੜੇ ਬੀ.ਐਸ.ਐਫ ਪੰਜਾਬ ਦੇ ਜਵਾਨਾਂ ਨੂੰ ਚੌਕਸ ਕੀਤਾ ਗਿਆ।ਸ਼ੱਕੀ ਗਤੀਵਿਧੀ ਦੇਖੀ ਗਈ।।

ਜਿਸ ਤੋਂ ਬਾਅਦ ਤੁਰੰਤ ਜਵਾਬੀ ਕਾਰਵਾਈ ਕਰਦੇ ਹੋਏ ਜਵਾਨਾਂ ਨੇ ਇਲਾਕਾ ਖਾਲੀ ਕਰਵਾ ਲਿਆ।ਇੱਕ ਘੋਰਾਬੰਦੀ ਕੀਤੀ ਗਈ ਸੀ ਅਤੇ ਇੱਕ ਸ਼ੱਕੀ ਨੂੰ 06:05 ਵਜੇ ਤੱਕ ਸਫਲਤਾਪੂਰਵਕ ਕਾਬੂ ਕਰ ਲਿਆ ਗਿਆ ਸੀ।

ਬੀਐਸਐਫ ਵੱਲੋਂ ਫੜਿਆ ਗਿਆ ਵਿਅਕਤੀ, ਜਿਸ ਦੀ ਪਛਾਣ ਪਾਕਿਸਤਾਨੀ ਨਾਗਰਿਕ ਵਜੋਂ ਹੋਈ ਹੈ, ਪਿੰਡ ਰੋੜਾਂਵਾਲਾ ਨੇੜੇ ਸਰਹੱਦੀ ਵਾੜ ਦੇ ਅੱਗੇ ਮਿਲਿਆ ਹੈ।

ਉਸ ਦੀ ਤਲਾਸ਼ੀ ਲੈਣ 'ਤੇ ਉਸ ਕੋਲੋਂ 02 ਮੋਬਾਈਲ ਫੋਨ, 840 ਰੁਪਏ ਦੀ ਪਾਕਿਸਤਾਨੀ ਕਰੰਸੀ ਅਤੇ 01 ਪਾਕਿਸਤਾਨੀ ਰਾਸ਼ਟਰੀ ਪਛਾਣ ਪੱਤਰ ਬਰਾਮਦ ਹੋਇਆ।

ਮੁੱਢਲੀ ਪੁੱਛਗਿੱਛ ਤੋਂ ਬਾਅਦ ਬੀਐਸਐਫ ਨੇ ਵਿਅਕਤੀ ਨੂੰ ਅਗਲੇਰੀ ਜਾਂਚ ਲਈ ਪੰਜਾਬ ਪੁਲੀਸ ਹਵਾਲੇ ਕਰ ਦਿੱਤਾ ਹੈ। ਇਹ ਘਟਨਾ ਸਰਹੱਦਾਂ ਨੂੰ ਸੁਰੱਖਿਅਤ ਕਰਨ ਅਤੇ ਭਾਰਤੀ ਖੇਤਰ ਵਿੱਚ ਅਣਅਧਿਕਾਰਤ ਦਾਖਲੇ ਨੂੰ ਰੋਕਣ ਵਿੱਚ ਚੌਕਸ ਬੀਐਸਐਫ ਜਵਾਨਾਂ ਦੀ ਪੇਸ਼ੇਵਰਤਾ ਅਤੇ ਕੁਸ਼ਲਤਾ ਦਾ ਪ੍ਰਮਾਣ ਹੈ।

ਭਾਰਤ-ਪਾਕਿਸਤਾਨ ਸਰਹੱਦ 'ਤੇ ਪਹਿਲਾਂ ਵੀ ਲੋਕ ਫੜੇ ਗਏ ਸਨ। ਤਸਦੀਕ ਤੋਂ ਬਾਅਦ ਜਾਂ ਤਾਂ ਉਨ੍ਹਾਂ ਨੂੰ ਵਾਪਸ ਕਰ ਦਿੱਤਾ ਜਾਂਦਾ ਹੈ ਜਾਂ ਕੋਈ ਸ਼ੱਕ ਹੋਣ 'ਤੇ ਉਨ੍ਹਾਂ ਨੂੰ ਪੁਲਿਸ ਹਵਾਲੇ ਕਰ ਦਿੱਤਾ ਜਾਂਦਾ ਹੈ।

ਫਿਲਹਾਲ ਇਸ ਵਿਅਕਤੀ ਨੂੰ ਪੂਰਾ ਦਿਨ ਪੁੱਛਗਿੱਛ ਕਰਨ ਤੋਂ ਬਾਅਦ ਪੰਜਾਬ ਪੁਲਿਸ ਦੇ ਹਵਾਲੇ ਕਰ ਦਿੱਤਾ ਗਿਆ ਹੈ। ਪੁਲਿਸ ਵੱਲੋਂ ਉਕਤ ਵਿਅਕਤੀ ਬਾਰੇ ਵੀ ਪੁੱਛਗਿੱਛ ਕੀਤੀ ਜਾ ਰਹੀ ਹੈ। ਫਿਲਹਾਲ ਉਸ ਦੇ ਸਰਹੱਦ ਪਾਰ ਕਰਨ ਦੇ ਮਕਸਦ ਬਾਰੇ ਕੋਈ ਜਾਣਕਾਰੀ ਨਹੀਂ ਮਿਲੀ ਹੈ।

ਭਾਰਤੀ ਚੋਣ ਕਮਿਸ਼ਨ ਦੀ ਪੰਜ ਮੈਂਬਰੀ ਟੀਮ ਨੇ ਪੰਜਾਬ ਵਿੱਚ ਚੋਣ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਪ੍ਰਸ਼ਾਸਨਿਕ ਅਤੇ ਪੁਲਿਸ ਅਧਿਕਾਰੀਆਂ ਨਾਲ ਕੀਤੀ ਉੱਚ ਪੱਧਰੀ ਮੀਟਿੰਗ

ਪੰਜਾਬ ਦੇ ਮੁੱਖ ਸਕੱਤਰ ਅਤੇ ਮੁੱਖ ਚੋਣ ਅਧਿਕਾਰੀ ਨੇ ਚੋਣ ਕਮਿਸ਼ਨ ਦੀ ਟੀਮ ਨੂੰ ਦਿਵਾਇਆ ਭਰੋਸਾ; ਪੰਜਾਬ 'ਚ ਲੋਕ ਸਭਾ ਚੋਣਾਂ ਸੁਤੰਤਰ ਅਤੇ ਨਿਰਪੱਖ ਕਰਵਾਉਣ ਲਈ ਵਚਨਬੱਧ ਹਾਂ

ਚੰਡੀਗੜ੍ਹ, 5 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਭਾਰਤੀ ਚੋਣ ਕਮਿਸ਼ਨ ਦੇ ਪੰਜ ਮੈਂਬਰੀ ਵਫ਼ਦ ਨੇ ਉਪ ਚੋਣ ਕਮਿਸ਼ਨਰ ਹਿਰਦੇਸ਼ ਕੁਮਾਰ ਦੀ ਅਗਵਾਈ ਹੇਠ ਸੋਮਵਾਰ ਨੂੰ ਸੂਬੇ ਵਿੱਚ ਲੋਕ ਸਭਾ ਚੋਣਾਂ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਪ੍ਰਸ਼ਾਸਨਿਕ ਅਤੇ ਪੰਜਾਬ ਪੁਲਿਸ ਦੇ ਉੱਚ ਅਧਿਕਾਰੀਆਂ ਨਾਲ ਇੱਕ ਉੱਚ ਪੱਧਰੀ ਮੀਟਿੰਗ ਕੀਤੀ। ਇਸ ਮੀਟਿੰਗ ਦੀ ਪ੍ਰਧਾਨਗੀ ਪੰਜਾਬ ਦੇ ਮੁੱਖ ਸਕੱਤਰ ਅਨੁਰਾਗ ਵਰਮਾ ਵੱਲੋਂ ਕੀਤੀ ਗਈ।

ਮੀਟਿੰਗ ਦੌਰਾਨ ਮੁੱਖ ਸਕੱਤਰ ਅਨੁਰਾਗ ਵਰਮਾ ਅਤੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਵਚਨਬੱਧਤਾ ਦੁਹਰਾਈ ਕਿ ਸੂਬੇ ਵਿੱਚ ਆਜ਼ਾਦ ਅਤੇ ਨਿਰਪੱਖ ਚੋਣਾਂ ਕਰਵਾਉਣ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।

ਮੁੱਖ ਚੋਣ ਅਧਿਕਾਰੀ ਨੇ ਚੋਣ ਕਮਿਸ਼ਨ ਦੀ ਟੀਮ ਨੂੰ ਦੱਸਿਆ ਕਿ ਸਾਰੇ 24,433 ਪੋਲਿੰਗ ਸਟੇਸ਼ਨਾਂ ਵਿੱਚ ਵ੍ਹੀਲਚੇਅਰ ਰੈਂਪ, ਪੀਣ ਵਾਲਾ ਪਾਣੀ, ਬਿਜਲੀ, ਰੋਸ਼ਨੀ, ਪਖਾਨੇ (ਪੁਰਸ਼/ਔਰਤ), ਫਰਨੀਚਰ, ਦਿਸ਼ਾ ਸੂਚਕ, ਵੇਟਿੰਗ ਸ਼ੈੱਡ ਅਤੇ ਹੋਰ ਲੋੜੀਂਦੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਜਾਣਗੀਆਂ ਤਾਂ ਜੋ ਚੋਣਾਂ ਵਿੱਚ ਵੋਟਰਾਂ ਨੂੰ ਕਿਸੇ ਵੀ ਕਿਸਮ ਦੀ ਪਰੇਸ਼ਾਨੀ ਦੀ ਸਾਹਮਣਾ ਨਾ ਕਰਨਾ ਪਵੇ।ਮੁੱਖ ਚੋਣ ਅਧਿਕਾਰੀ ਨੇ ਟੀਮ ਨੂੰ ਅੱਗੇ ਦੱਸਿਆ ਕਿ ਸਾਰੇ ਪੋਲਿੰਗ ਸਟੇਸ਼ਨਾਂ ਵਿ

ਲੋਕ ਸਭਾ ਚੋਣਾਂ ਵਿੱਚ ਡਾ. ਬਲਬੀਰ ਸਿੰਘ ਦੀ ਜਿੱਤ ਯਕੀਨੀ ਬਣਾਉਣ ਲਈ ਮੁੱਖ ਮੰਤਰੀ ਭਗਵੰਤ ਮਾਨ ਨੇ ਵਿਧਾਇਕਾਂ ਨਾਲ ਕੀਤੀ ਮੁਲਾਕਾਤ

ਵਿਧਾਇਕ ਕੁਲਜੀਤ ਸਿੰਘ ਰੰਧਾਵਾ ਸਮੇਤ ਸਾਰੇ 9 ਵਿਧਾਇਕਾਂ ਨੇ ਆਪਣੀ ਵਚਨਬੱਧਤਾ ਦੁਹਰਾਈ

ਡੇਰਾ ਬਸੀ, 5 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਆਗਾਮੀ ਲੋਕ ਸਭਾ ਚੋਣਾਂ ਵਿੱਚ ਪਟਿਆਲਾ ਲੋਕ ਸਭਾ ਸੀਟ ਤੋਂ ਪਾਰਟੀ ਉਮੀਦਵਾਰ ਡਾ: ਬਲਬੀਰ ਸਿੰਘ ਦੀ ਜਿੱਤ ਯਕੀਨੀ ਬਣਾਉਣ ਲਈ ਮੁੱਖ ਮੰਤਰੀ ਭਗਵੰਤ ਮਾਨ ਨੇ ਪਟਿਆਲਾ ਸੰਸਦੀ ਹਲਕੇ ਦੇ ਸਾਰੇ 9 ਵਿਧਾਇਕਾਂ ਨਾਲ ਇੱਕ ਅਹਿਮ ਮੀਟਿੰਗ ਕੀਤੀ। ਮੀਟਿੰਗ ਦੌਰਾਨ ਮੁੱਖ ਮੰਤਰੀ ਨੇ ਸਾਰੇ ਵਿਧਾਇਕਾਂ ਨੂੰ ਚੋਣ ਲੜਨ ਦੇ ਨਿਰਦੇਸ਼ ਦਿੱਤੇ ਅਤੇ ਪਾਰਟੀ ਦੀ ਜਿੱਤ ਯਕੀਨੀ ਬਣਾਉਣ ਲਈ ਰਣਨੀਤੀ 'ਤੇ ਚਰਚਾ ਕੀਤੀ।

ਮੁੱਖ ਮੰਤਰੀ ਮਾਨ ਅਤੇ ਪਟਿਆਲਾ ਦੇ ਵਿਧਾਇਕਾਂ ਵਿਚਾਲੇ ਹੋਈ ਮੀਟਿੰਗ ਪਾਰਟੀ ਦੀ ਸਥਿਤੀ ਮਜ਼ਬੂਤ ਕਰਨ ਵੱਲ ਅਹਿਮ ਕਦਮ ਹੈ। ਮੁੱਖ ਮੰਤਰੀ ਨੇ ਪੰਜਾਬ ਦੀਆਂ ਸਾਰੀਆਂ 13 ਸੀਟਾਂ ਜਿੱਤਣ ਦੀ ਮਹੱਤਤਾ ਨੂੰ ਦੁਹਰਾਇਆ ਅਤੇ ਵਿਧਾਇਕਾਂ ਨੂੰ ਇਸ ਟੀਚੇ ਲਈ ਮਿਲ ਕੇ ਕੰਮ ਕਰਨ ਦੀ ਅਪੀਲ ਕੀਤੀ।

ਉਨ੍ਹਾਂ ਨੇ ਇਕਜੁੱਟ ਮੋਰਚੇ ਦੀ ਲੋੜ 'ਤੇ ਵੀ ਜ਼ੋਰ ਦਿੱਤਾ ਅਤੇ ਵਿਧਾਇਕਾਂ ਨੂੰ ਪਾਰਟੀ ਦੀ ਜਿੱਤ ਲਈ ਕੰਮ ਕਰਨ ਦੀ ਅਪੀਲ ਕੀਤੀ। ਮੀਟਿੰਗ ਦੌਰਾਨ ਮੁੱਖ ਮੰਤਰੀ ਮਾਨ ਅਤੇ ਵਿਧਾਇਕਾਂ ਨੇ ਪਟਿਆਲਾ ਲੋਕ ਸਭਾ ਹਲਕੇ ਵਿੱਚ ਪਾਰਟੀ ਉਮੀਦਵਾਰ ਦੀ ਜਿੱਤ ਯਕੀਨੀ ਬਣਾਉਣ ਲਈ ਵੱਖ-ਵੱਖ ਰਣਨੀਤੀਆਂ 'ਤੇ ਚਰਚਾ ਕੀਤੀ। ਵਿਧਾਇਕਾਂ ਨੂੰ ਉਨ੍ਹਾਂ ਦੇ ਵਿਧਾਨ ਸਭਾ ਹਲਕਿਆਂ ਵਿੱਚ ਵਿਸ਼ੇਸ਼ ਕੰਮ ਅਤੇ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ ਹਨ।

ਮੁੱਖ ਮੰਤਰੀ ਨੇ ਉਨ੍ਹਾਂ ਨੂੰ ਪਾਰਟੀ ਵੱਲੋਂ ਉਨ੍ਹਾਂ ਦੀ ਮੁਹਿੰਮ ਵਿੱਚ ਮਦਦ ਕਰਨ ਲਈ ਪੂਰੀ ਮਦਦ ਅਤੇ ਸਾਧਨਾਂ ਦਾ ਭਰੋਸਾ ਵੀ ਦਿੱਤਾ। ਜਾਣਕਾਰੀ ਦਿੰਦਿਆਂ ਡੇਰਾਬੱਸੀ ਦੇ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਕਿਹਾ ਕਿ ਆਉਣ ਵਾਲੀਆਂ ਲੋਕ ਸਭਾ ਚੋਣਾਂ ਪੰਜਾਬ ਲਈ ਬਹੁਤ ਅਹਿਮ ਹਨ ਅਤੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਪਟਿਆਲਾ ਦੇ ਵਿਧਾਇਕਾਂ ਦੀ ਮੀਟਿੰਗ ਪਾਰਟੀ ਦੀ ਜਿੱਤ ਯਕੀਨੀ ਬਣਾਉਣ ਲਈ ਦ੍ਰਿੜ ਇਰਾਦੇ ਨੂੰ ਦਰਸਾਉਂਦੀ ਹੈ। ਰੰਧਾਵਾ ਨੇ ਕਿਹਾ ਕਿ ਮੁੱਖ ਮੰਤਰੀ ਦੇ ਸਹਿਯੋਗ ਅਤੇ ਮਾਰਗਦਰਸ਼ਨ ਨਾਲ ਪਾਰਟੀ ਨੂੰ ਪੰਜਾਬ ਦੀਆਂ ਸਾਰੀਆਂ 13 ਸੀਟਾਂ 'ਤੇ ਜਿੱਤ ਦਾ ਭਰੋਸਾ ਹੈ।

ਉਨ੍ਹਾਂ ਕਿਹਾ ਕਿ ਪਟਿਆਲਾ ਤੋਂ ਪਾਰਟੀ ਦੇ ਉਮੀਦਵਾਰ ਡਾ: ਬਲਬੀਰ ਸਿੰਘ ਇੱਕ ਮਜ਼ਬੂਤ ਅਤੇ ਸਮਰੱਥ ਆਗੂ ਹਨ ਅਤੇ ਮੁੱਖ ਮੰਤਰੀ ਦੇ ਮਾਰਗਦਰਸ਼ਨ ਅਤੇ ਸਮੂਹ ਸਾਥੀ ਵਿਧਾਇਕਾਂ ਦੇ ਸਹਿਯੋਗ ਨਾਲ ਆਉਣ ਵਾਲੀਆਂ ਚੋਣਾਂ ਵਿੱਚ ਪਾਰਟੀ ਨੂੰ ਜਿੱਤ ਵੱਲ ਲਿਜਾਣ ਲਈ ਪੂਰੀ ਤਰ੍ਹਾਂ ਤਿਆਰ ਹਨ।

ਪੰਜਾਬ ਪੁਲਿਸ ਪਾਰਦਰਸ਼ੀ, ਨਿਰਪੱਖ ਅਤੇ ਸ਼ਾਂਤੀਪੂਰਨ ਲੋਕ ਸਭਾ ਚੋਣਾਂ ਨੂੰ ਯਕੀਨੀ ਬਣਾਉਣ ਲਈ ਵਚਨਬੱਧ

221 ਪੁਲਿਸ ਟੀਮਾਂ ਨੇ 193 ਰੇਲਵੇ ਸਟੇਸ਼ਨਾਂ ਅਤੇ 162 ਬੱਸ ਅੱਡਿਆਂ 'ਤੇ 3851 ਵਿਅਕਤੀਆਂ ਦੀ ਲਈ ਜਾਮਾਂ ਤਲਾਸ਼ੀ ਅਤੇ 3002 ਵਾਹਨਾਂ ਦੀ ਕੀਤੀ ਚੈਕਿੰਗ : ਸਪੈਸ਼ਲ ਡੀਜੀਪੀ ਅਰਪਿਤ ਸ਼ੁਕਲਾ

ਚੰਡੀਗੜ੍ਹ, 5 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਲੋਕ ਸਭਾ ਚੋਣਾਂ -2024 ਦੇ ਮੱਦੇਨਜ਼ਰ, ਪੰਜਾਬ ਪੁਲਿਸ ਨੇ ਮੰਗਲਵਾਰ ਨੂੰ ਰਾਜ ਭਰ ਦੇ ਸਾਰੇ ਰੇਲਵੇ ਸਟੇਸ਼ਨਾਂ, ਬੱਸ ਸਟੈਂਡਾਂ ਅਤੇ ਇਨ੍ਹਾਂ ਦੇ ਆਲੇ-ਦੁਆਲੇ ਇੱਕ ਵਿਸ਼ੇਸ਼ ਘੇਰਾਬੰਦੀ ਅਤੇ ਤਲਾਸ਼ੀ ਅਭਿਆਨ (ਕਾਸੋ) ਚਲਾਇਆ। ਇਹ ਅਭਿਆਨ ਪੁਲਿਸ ਦੇ ਡਾਇਰੈਕਟਰ ਜਨਰਲ (ਡੀ.ਜੀ.ਪੀ.) ਪੰਜਾਬ ਗੌਰਵ ਯਾਦਵ ਦੇ ਦਿਸ਼ਾ-ਨਿਰਦੇਸ਼ਾਂ 'ਤੇ ਲੋਕਾਂ ਵਿੱਚ ਪੁਲਿਸ ਦਾ ਭਰੋਸਾ ਵਧਾਉਣ ਅਤੇ ਸਮਾਜ ਵਿਰੋਧੀ ਤੱਤਾਂ 'ਤੇ ਸ਼ਿਕੰਜਾ ਕੱਸਣ ਦੇ ਹਿੱਸੇ ਵਜੋਂ ਚਲਾਇਆ ਗਿਆ। ਇਹ ਤਲਾਸ਼ੀ ਅਭਿਆਨ ਸਵੇਰੇ 11 ਵਜੇ ਤੋਂ ਦੁਪਹਿਰ 3 ਵਜੇ ਤੱਕ ਸਾਰੇ 28 ਪੁਲਿਸ ਜ਼ਿਲ੍ਹਿਆਂ ਵਿੱਚ ਇੱਕੋ ਸਮੇਂ ਚਲਾਇਆ ਗਿਆ , ਜਿਸ ਤਹਿਤ ਪੁਲਿਸ ਟੀਮਾਂ ਅਤੇ ਕੇਂਦਰੀ ਹਥਿਆਰਬੰਦ ਪੁਲਿਸ ਬਲਾਂ (ਸੀ.ਏ.ਪੀ.ਐਫ.) ਦੀਆਂ ਟੀਮਾਂ ਨੇ ਰੇਲਵੇ ਸਟੇਸ਼ਨਾਂ ਅਤੇ ਬੱਸ ਸਟੈਂਡਾਂ 'ਤੇ ਆਉਣ- ਜਾਣ ਵਾਲੇ ਲੋਕਾਂ ਦੀ ਤਲਾਸ਼ੀ ਲਈ। ਪੁਲਿਸ ਟੀਮਾਂ ਨੇ ਉਕਤ ਆਪ੍ਰੇਸ਼ਨ ਦੌਰਾਨ ਵਾਹਨ ਐਪ ਦੀ ਵਰਤੋਂ ਰਾਹੀਂ ਰੇਲਵੇ ਸਟੇਸ਼ਨਾਂ ਅਤੇ ਬੱਸ ਸਟੈਂਡਾਂ ਦੀ ਪਾਰਕਿੰਗ ਵਿੱਚ ਖੜ੍ਹੇ ਦੋਪਹੀਆ / ਚਾਰ ਪਹੀਆ ਵਾਹਨਾਂ ਦੀ ਚੈਕਿੰਗ ਵੀ ਕੀਤੀ।

ਸਪੈਸ਼ਲ ਡੀਜੀਪੀ ਲਾਅ ਐਂਡ ਆਰਡਰ ਅਰਪਿਤ ਸ਼ੁਕਲਾ, ਜੋ ਇਸ ਰਾਜ ਪੱਧਰੀ ਕਾਰਵਾਈ ਦੀ ਨਿੱਜੀ ਤੌਰ 'ਤੇ ਨਿਗਰਾਨੀ ਕਰ ਰਹੇ ਸਨ, ਨੇ ਕਿਹਾ ਕਿ ਇਸ ਅਭਿਆਨ ਨੂੰ ਨੇਪਰੇ ਚਾੜ੍ਹਨ ਲਈ ਸਾਰੇ ਸੀਪੀਜ਼/ਐਸਐਸਪੀਜ਼ ਨੂੰ, ਹਰੇਕ ਰੇਲਵੇ ਸਟੇਸ਼ਨ/ਬੱਸ ਸਟੈਂਡ 'ਤੇ ਗਜ਼ਟਿਡ ਅਧਿਕਾਰੀ ਦੀ ਨਿਗਰਾਨੀ ਹੇਠ ਘੱਟੋ-ਘੱਟ ਦੋ-ਦੋ ਪੁਲਿਸ ਟੀਮਾਂ ਤਾਇਨਾਤ ਕਰਨ ਲਈ ਕਿਹਾ ਗਿਆ ਸੀ। ਉਨ੍ਹਾਂ ਕਿਹਾ, ਅਸੀਂ ਸਾਰੇ ਪੁਲਿਸ ਮੁਲਾਜ਼ਮਾਂ ਨੂੰ ਸਖ਼ਤੀ ਨਾਲ ਹਦਾਇਤ ਕੀਤੀ ਸੀ ਕਿ ਉਹ ਇਸ ਕਾਰਵਾਈ ਦੌਰਾਨ ਹਰ ਹਰੇਕ ਆਮੋ-ਖ਼ਾਸ ਨਾਲ ਨਿਮਰਤਾ ਨਾਲ ਪੇਸ਼ ਆਉਣ। "

ਉਨ੍ਹਾਂ ਕਿਹਾ ਕਿ ਲੋਕਾਂ ਦੀ ਘੱਟੋ-ਘੱਟ ਅਸੁਵਿਧਾ ਨੂੰ ਯਕੀਨੀ ਬਣਾਉਣ ਨੂੰ ਧਿਆਨ ਵਿੱਚ ਰੱਖਦਿਆਂ, ਸੂਬੇ ਦੇ ਵੱਖ-ਵੱਖ ਰੇਲਵੇ ਸਟੇਸ਼ਨਾਂ ਅਤੇ ਬੱਸ ਅੱਡਿਆਂ 'ਤੇ ਸ਼ੱਕੀ ਵਿਅਕਤੀਆਂ ਦੀ ਭਾਲ ਕਰਨ ਲਈ, 2000 ਤੋਂ ਵੱਧ ਪੁਲਸ ਕਰਮੀਆਂ ਦੀ ਨਫ਼ਰੀ ਵਾਲੀਆਂ 221 ਪੁਲਸ ਟੀਮਾਂ ਤਾਇਨਾਤ ਕੀਤੀਆਂ ਗਈਆਂ ।

ਉਨ੍ਹਾਂ ਦੱਸਿਆ ਕਿ ਸੂਬੇ ਦੇ 193 ਰੇਲਵੇ ਸਟੇਸ਼ਨਾਂ ਅਤੇ 162 ਬੱਸ ਅੱਡਿਆਂ 'ਤੇ ਚਲਾਏ ਗਏ ਇਸ ਤਲਾਸ਼ੀ ਅਭਿਆਨ ਦੌਰਾਨ 3851 ਤੋਂ ਵੱਧ ਸ਼ੱਕੀ ਵਿਅਕਤੀਆਂ ਦੀ ਤਲਾਸ਼ੀ ਲਈ ਗਈ ਅਤੇ ਵਾਹਨ ਐਪ ਦੀ ਵਰਤੋਂ ਕਰਕੇ ਪੁਲਿਸ ਟੀਮਾਂ ਨੇ ਰੇਲਵੇ ਸਟੇਸ਼ਨਾਂ ਅਤੇ ਬੱਸ ਸਟੈਂਡਾਂ ਦੀ ਪਾਰਕਿੰਗ 'ਚ ਖੜ੍ਹੇ 3002 ਵਾਹਨਾਂ ਦੀ ਚੈਕਿੰਗ ਵੀ ਕੀਤੀ ।

ਜ਼ਿਕਰਯੋਗ ਹੈ ਕਿ ਪੰਜਾਬ ਪੁਲਿਸ ਵੱਲੋਂ ਗੈਰ-ਜ਼ਮਾਨਤੀ ਵਾਰੰਟ (ਐਨ.ਬੀ.ਡਬਲਿਊਜ਼) ਲਾਗੂ ਕਰਨ ਲਈ ਵੀ ਮੁਹਿੰਮ ਸ਼ੁਰੂ ਕੀਤੀ ਗਈ ਹੈ। ਸਪੈਸ਼ਲ ਡੀ.ਜੀ.ਪੀ. ਨੇ ਕਿਹਾ ਕਿ ਆਦਰਸ਼ ਚੋਣ ਜ਼ਾਬਤਾ ਲਾਗੂ ਹੋਣ ਉਪਰੰਤ ਪੰਜਾਬ ਪੁਲਿਸ ਵੱਲੋਂ 1717 ਗੈਰ-ਜ਼ਮਾਨਤੀ ਵਾਰੰਟ ਲਾਗੂ ਕਰਵਾਏ ਗਏ ਹਨ।

ਉਨ੍ਹਾਂ ਕਿਹਾ ਕਿ ਪੰਜਾਬ ਪੁਲਿਸ ਨੇ ਅੰਤਰ-ਰਾਜੀ ਸਰਹੱਦਾਂ 'ਤੇ ਅਪਰਾਧੀਆਂ, ਗੈਰ-ਕਾਨੂੰਨੀ ਸ਼ਰਾਬ ਅਤੇ ਨਸ਼ਾ ਤਸਕਰਾਂ ਦੀਆਂ ਗਤੀਵਿਧੀਆਂ ਤੇ ਤਿੱਖੀ ਨਜ਼ਰ ਰੱਖਣ ਲਈ ਵਿਆਪਕ ਰਣਨੀਤੀ ਤਿਆਰ ਕੀਤੀ ਹੈ। ਉਨ੍ਹਾਂ ਕਿਹਾ ਕਿ ਸੀਪੀਜ਼/ਐਸਐਸਪੀਜ਼ ਨੂੰ ਪਹਿਲਾਂ ਹੀ ਸੂਬੇ ਭਰ ਵਿੱਚ ਵਿਸ਼ੇਸ਼ ਨਾਕੇ ਲਗਾਉਣ ਅਤੇ ਗਸ਼ਤ-ਪਾਰਟੀਆਂ ਨੂੰ ਆਪੋ-ਆਪਣੇ ਅਧਿਕਾਰ ਖੇਤਰਾਂ ਵਿੱਚ ਸਮਾਜ ਵਿਰੋਧੀ ਤੱਤਾਂ 'ਤੇ ਨਜ਼ਰ ਰੱਖਣ ਲਈ ਨਿਰਦੇਸ਼ ਦਿੱਤੇ ਗਏ ਹਨ। ਦੱਸਣਯੋਗ ਹੈ ਕਿ ਪੰਜਾਬ ਪੁਲਿਸ ਨੇ ਆਦਰਸ਼ ਚੋਣ ਜ਼ਾਬਤਾ ਲਾਗੂ ਹੋਣ ਤੋਂ ਲੈ ਕੇ ਹੁਣ ਤੱਕ 433 ਐਫਆਈਆਰਜ਼ ਦਰਜ ਕਰਕੇ 618 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ ਅਤੇ ਉਨ੍ਹਾਂ ਕੋਲੋਂ 37.65 ਕਿਲੋ ਹੈਰੋਇਨ, 60 ਕਿਲੋ ਅਫੀਮ, 10.81 ਕੁਇੰਟਲ ਭੁੱਕੀ, 40 ਕਿਲੋ ਗਾਂਜਾ ਅਤੇ 11 ਲੱਖ ਰੁਪਏ ਡਰੱਗ ਮਨੀ ਬਰਾਮਦ ਕੀਤੀ ਗਈ ਹੈ।

ਮਾਲੇਰਕੋਟਲਾ ਪੁਲਿਸ ਵੱਲੋਂ ਪਿਸਤੌਲ ਅਤੇ ਹੈਂਡ ਗਰਨੇਡ ਸਣੇ ਦੋ ਵਿਅਕਤੀ ਕਾਬੂ ਕਰਨ ਦਾ ਦਾਅਵਾ

ਮਲੇਰਕੋਟਲਾ, 5 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਮਾਲੇਰਕੋਟਲਾ ਪੁਲਿਸ ਵੱਲੋਂ ਪਿਸਤੌਲ ਅਤੇ ਹੈਂਡ ਗਰਨੇਡ ਸਣੇ ਦੋ ਵਿਅਕਤੀ ਕਾਬੂ ਕਰਨ ਦਾ ਦਾਅਵਾ ਕੀਤਾ ਗਿਆ ਹੈ ਇਸ ਸਬੰਧੀ ਐਸ.ਐਸ.ਪੀ ਮਾਲੇਰਕੋਟਲਾ ਡਾ ਸਿਮਰਤ ਕੌਰ ਆਈ.ਪੀ.ਐਸ ਵੱਲੋਂ ਆਪਣੇ ਦਫ਼ਤਰ ਚ ਕੀਤੀ ਪ੍ਰੈਸ ਕਾਨਫਰੰਸ ਦੌਰਾਨ ਮੀਡੀਆ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸ੍ਰੀ ਵੈਭਵ ਸਹਿਗਲ ਪੀਪੀਐਸ ਉਪ ਕਪਤਾਨ ਪੁਲਿਸ (ਆਈ) ਮਲੇਰਕੋਟਲਾ, ਸ੍ਰੀ ਸਤੀਸ਼ ਕੁਮਾਰ ਪੀਪੀਐਸ ਉਪ ਕਪਤਾਨ ਇਨਵੈਸਟੀਗੇਸ਼ਨ ਮਲੇਰਕੋਟਲਾ ਦੀ ਨਿਗਰਾਨੀ ਤਹਿਤ ਮਾੜੇ ਅਨਸਰਾਂ ਖਿਲਾਫ ਚਲਾਈ ਮੁਹਿੰਮ ਦੌਰਾਨ ਮੁਖਿਬਰ ਖਾਸ ਦੀ ਸੂਚਨਾ ਤਹਿਤ ਇੰਸ. ਹਰਜਿੰਦਰ ਸਿੰਘ ਇੰਚਾਰਜ ਸੀਆਈ ਏ ਸਟਾਫ ਮੋਹਰਾਣਾ ਦੀ ਟੀਮ ਅਤੇ ਕਾਊਂਟਰ ਇੰਟੈਲੀਜੈਂਸ ਸੰਗਰੂਰ ਵੱਲੋਂ ਸਾਂਝੇ ਅਪਰੇਸ਼ਨ ਦੌਰਾਨ ਮਿਤੀ 31-03 2024 ਨੂੰ ਹਰਨਾਮ ਸਿੰਘ ਪੁੱਤਰ ਪ੍ਰੇਮ ਸਿੰਘ ਬਾਸੀ ਰੁੜਕੀ ਕਲਾਂ ਥਾਣਾ ਸਦਰ ਅਹਿਮਦਗੜ੍ਹ ਅਤੇ ਅੰਮ੍ਰਿਤ ਪਾਲ ਸਿੰਘ ਉਰਫ ਰਵੀ ਪੁੱਤਰ ਪ੍ਰਤਿਪਾਲ ਸਿੰਘ ਵਾਸੀ ਪਿੰਡ ਮਨਵੀ ਥਾਣਾ ਅਮਰਗੜ੍ਹ ਨੂੰ ਗ੍ਰਿਫ਼ਤਾਰ ਕੀਤਾ ਜੋ ਕਿ ਹਰਨਾਮ ਸਿੰਘ ਦੀ ਮੋਟਰ ਪਰ ਫਾਰਚੂਨਰ ਗੱਡੀ ਨੰਬਰ ਪੀਬੀ 03 ਬੀ ਈ 6069 ਵਿੱਚ ਬੈਠੇ ਕਿਸੇ ਵੱਡੀ ਵਾਰਦਾਤ ਨੂੰ ਅੰਜਾਮ ਦੇਣ ਲਈ ਬਿਉਂਤ ਬਣਾ ਰਹੇ ਹਨ। ਜਿਨਾਂ ਨੂੰ ਮੌਕੇ ਪਰ ਹੀ ਪਿੰਡ ਰੁੜਕੀ ਕਲਾਂ ਕੱਚਾ ਰਸਤਾ ਮੋਟਰ ਤੋਂ ਕਾਬੂ ਕਰਕੇ ਵੱਡੀ ਸਫਲਤਾ ਪ੍ਰਾਪਤ ਕੀਤੀ ਹੈ। ਹਰਨਾਮ ਸਿੰਘ ਪਾਸੋਂ ਇੱਕ ਹੈਂਡ ਗਰਨੇਡ 85 36 ਅਤੇ ਅੰਮ੍ਰਿਤ ਪਾਲ ਸਿੰਘ ਉਰਫ ਰਵੀ ਪਾਸੋਂ ਇੱਕ ਰਿਵਾਲਵਰ 32 ਬੋਰ ਬਰਾਮਦ ਕਰਵਾ ਕੇ ਮੁਕਦਮਾ ਨੰਬਰ 19 ਮਿਤੀ 1-04 2024 ਅ/ਧ 25 /54 /59 ਆਰਮਜ ਐਕਟ ਅਤੇ 05 ਐਕਸਪਲੂਸਿਵ ਐਕਟ 1908 ਥਾਣਾ ਸਦਰ ਅਹਿਮਦਗੜ੍ਹ ਵਿਖੇ ਦਰਜ ਰਜਿਸਟਰ ਕਰਵਾਇਆ ਅਤੇ ਆਰੋਪੀਆਂ ਨੂੰ ਭੁਗਤਾਨ ਨੂੰ ਹਸਬ ਜਾਬਤਾ ਅਨੁਸਾਰ ਗ੍ਰਿਫਤਾਰ ਕੀਤਾ ਗਿਆ ਅਤੇ ਫਾਰਚੂਨਰ ਗੱਡੀ ਨੰਬਰ ਉਕਤ ਨੂੰ ਵੀ ਕਬਜ਼ਾ ਪੁਲਿਸ ਵਿੱਚ ਲਿਆ ਗਿਆ।ਮਿਤੀ 01- 04-2024 ਨੂੰ ਆਰੋਪੀ ਹਰਨਾਮ ਸਿੰਘ ਅਤੇ ਅੰਮ੍ਰਿਤਪਾਲ ਸਿੰਘ ਉਰਫ ਰਵੀ ਉਕਤਾਣ ਨੂੰ ਪੇਸ਼ ਅਦਾਲਤ ਕਰਕੇ ਆਰੋਪੀਆਂ ਦਾ 03 ਦਿਨ ਦਾ ਪੁਲਿਸ ਰਿਮਾਂਡ ਹਾਸਿਲ ਕੀਤਾ ਗਿਆ।ਉਨ੍ਹਾਂ ਦੱਸਿਆ ਕਿ ਆਰੋਪੀਆਂ ਉਕਤਾਨ ਪਾਸੋਂ ਸਖਤੀ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ ਜਿਨ੍ਹਾਂ ਕੋਲੋਂ ਹੋਰ ਵੀ ਕਈ ਅਹਿਮ ਖੁਲਾਸੇ ਹੋਣ ਦੀ ਸੰਭਾਵਨਾ ਹੈ।

ਡਾ. ਗਾਂਧੀ ਦੇ ਕਾਂਗਰਸ 'ਚ ਸ਼ਾਮਲ ਹੋਣ ਨਾਲ ਪਾਰਟੀ ਦੇ ਸਮੀਕਰਨ ਬਦਲੇ



ਟਿਕਟ ਦੇ ਮਾਮਲੇ ਵਿੱਚ ਇਕੱਤਰ ਹੋਏ ਕਾਂਗਰਸ ਦੇ ਪੰਜ ਹਲਕਾ ਇੰਚਾਰਜ।

ਪਟਿਆਲਾ, 5 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਡਾ. ਧਰਮਵੀਰ ਗਾਂਧੀ ਦੇ ਕਾਂਗਰਸ ਵਿੱਚ ਸ਼ਾਮਲ ਹੋਣ ਨਾਲ ਪਾਰਟੀ ਦੇ ਪਟਿਆਲਾ ਲੋਕ ਸਭਾ ਹਲਕੇ ਦੇ ਸਮੀਕਰਣ ਬਦਲ ਗਏ ਹਨ। ਪਾਰਟੀ ਹਲਕਿਆਂ 'ਚ ਚਰਚਾ ਦਾ ਬਾਜ਼ਾਰ ਗਰਮ ਹੈ ਕਿ ਹਾਈਕਮਾਂਡ ਨੂੰ ਪਟਿਆਲਾ ਤੋਂ ਉਮੀਦਵਾਰ ਮਿਲ ਗਿਆ ਹੈ। ਬੇਸ਼ੱਕ ਕੁਝ ਆਗੂਆਂ ਵੱਲੋਂ ਡਾ. ਗਾਂਧੀ ਦਾ ਵਿਰੋਧ ਵੀ ਕੀਤਾ ਗਿਆ ਸੀ ਪਰ ਇਹ ਵਿਰੋਧ ਉਨ੍ਹਾਂ ਦੀ ਟਿਕਟ ਦੀ ਮੰਗ ਕਰਨ ਤੱਕ ਹੀ ਸੀਮਤ ਸੀ। ਧਰਮਵੀਰ ਗਾਂਧੀ 2014 ਵਿੱਚ ਆਮ ਆਦਮੀ ਪਾਰਟੀ ਦੀ ਟਿਕਟ 'ਤੇ ਪਟਿਆਲਾ ਤੋਂ ਲੋਕ ਸਭਾ ਮੈਂਬਰ ਬਣੇ ਸਨ। ਮਗਰੋਂ ਉਨ੍ਹਾਂ ਨੇ 2015 ਵਿੱਚ ਹੀ 'ਆਪ' ਤੋਂ ਦੂਰੀ ਬਣਾ ਲਈ ਸੀ। ਡਾ. ਗਾਂਧੀ ਇਕੱਲੇ ਅਜਿਹੇ ਆਗੂ ਹਨ ਜਿਨ੍ਹਾਂ ਨੇ ਆਪਣੇ ਸਿਆਸੀ ਕਰੀਅਰ ਵਿੱਚ ਪਟਿਆਲਾ ਦੇ ਸ਼ਾਹੀ ਪਰਿਵਾਰ ਦੀ ਨੂੰਹ ਪ੍ਰਨੀਤ ਕੌਰ ਨੂੰ ਹਰਾਇਆ ਸੀ।

ਸ੍ਰੀ ਗਾਂਧੀ ਨੇ ਕਿਹਾ ਕਿ ਉਹ ਲੋਕ ਸਭਾ ਚੋਣਾਂ ਲੜਨ ਲਈ ਕਾਂਗਰਸ ਵਿੱਚ ਸ਼ਾਮਲ ਨਹੀਂ ਹੋਏ। ਜੇ ਪਾਰਟੀ ਉਨ੍ਹਾਂ ਨੂੰ ਚੋਣ ਮੈਦਾਨ ਵਿੱਚ ਉਤਾਰਦੀ ਹੈ ਤਾਂ ਉਹ ਲੜਨ ਲਈ ਤਿਆਰ ਹਨ। ਉਹ ਪ੍ਰਨੀਤ ਕੌਰ ਨੂੰ ਮਹਾਰਾਣੀ ਵਜੋਂ ਨਹੀਂ ਸਗੋਂ ਭਾਜਪਾ ਦੀ ਉਮੀਦਵਾਰ ਹੋਣ ਕਾਰਨ ਹਰਾਉਣਾ ਚਾਹੁੰਦੇ ਹਨ। ਉਸ ਨੇ ਅਜਿਹੀ ਪਾਰਟੀ ਚੁਣੀ ਜੋ ਲੋਕ ਵਿਰੋਧੀ, ਲੋਕਤੰਤਰ ਵਿਰੋਧੀ ਹੈ। ਡਾ. ਗਾਂਧੀ ਦੇ ਕਾਂਗਰਸ ਵਿੱਚ ਸ਼ਾਮਲ ਹੋਣ ਮਗਰੋਂ ਸ਼ਾਹੀ ਪਰਿਵਾਰ ਤੋਂ ਬਿਨਾਂ ਵੀ ਪਾਰਟੀ ਨੂੰ ਪਟਿਆਲਾ ਵਿੱਚ ਮਜ਼ਬੂਤ ਆਧਾਰ ਮਿਲੇਗਾ। ਕਾਂਗਰਸ ਨੂੰ ਪਟਿਆਲਾ ਸੀਟ ਲਈ ਪ੍ਰਭਾਵਸ਼ਾਲੀ ਚਿਹਰੇ ਦੀ ਭਾਲ ਸੀ। ਹੁਣ ਪਾਰਟੀ ਦੀ ਪਟਿਆਲਾ ਤੋਂ ਉਮੀਦਵਾਰ ਦੀ ਤਲਾਸ਼ ਖ਼ਤਮ ਹੋ ਸਕਦੀ ਹੈ। ਡਾ. ਗਾਂਧੀ ਮੂਲ ਰੂਪ ਵਿੱਚ ਪਟਿਆਲਾ ਦੇ ਰਹਿਣ ਵਾਲੇ ਹਨ ਅਤੇ ਇਲਾਕੇ ਵਿੱਚ ਉਨ੍ਹਾਂ ਦਾ ਚੰਗਾ ਪ੍ਰਭਾਵ ਹੈ। ਭਾਜਪਾ ਨੂੰ ਪਟਿਆਲਾ ਸੀਟ ਤੋਂ ਚੰਗੀ ਟੱਕਰ ਮਿਲ ਸਕਦੀ ਹੈ।

ਟਿਕਟ ਦੇ ਮੁੱਦੇ 'ਤੇ ਟਕਸਾਲੀ ਕਾਂਗਰਸੀ ਆਗੂ ਹੋਏ ਸਰਗਰਮ

ਆਪ' ਦੇ ਸਾਬਕਾ ਲੋਕ ਸਭਾ ਮੈਂਬਰ ਡਾ. ਧਰਮਵੀਰ ਗਾਂਧੀ ਦੇ ਕਾਂਗਰਸ ਵਿੱਚ ਜਾਣ ਕਾਰਨ ਪਟਿਆਲਾ ਜ਼ਿਲ੍ਹੇ ਦੇ ਟਕਸਾਲੀ ਕਾਂਗਰਸੀਆਂ 'ਚ ਹਲਚਲ ਸ਼ੁਰੂ ਹੋ ਗਈ ਹੈ। ਲੋਕ ਸਭਾ ਹਲਕਾ ਪਟਿਆਲਾ ਦੇ ਕੁੱਲ ਨੌਂ ਵਿੱਚੋਂ ਪੰਜ ਵਿਧਾਨ ਸਭਾ ਹਲਕਿਆਂ ਦੇ ਇੰਚਾਰਜਾਂ ਵੱਲੋਂ ਅੱਜ ਹਲਕਾ ਸਨੌਰ ਅਧੀਨ ਪੈਂਦੇ ਨੇੜਲੇ ਪਿੰਡ ਜਲਾਲਪੁਰ ਵਿੱਚ ਸਾਬਕਾ ਵਿਧਾਇਕ

ਵਿਸ਼ਵ ਮਾਂ ਦਿਵਸ –

ਰੱਬ ਤੋਂ ਵੀ ਉੱਚਾ ਦਰਜਾ ਰੱਖਦੀ ਹੈ ਮਾਂ

ਪ੍ਰੋ: ਪਰਮਜੀਤ ਸਿੰਘ
ਨਿੱਕੇ ਘੁੰਮਣ
ਮੋ.97816-46008

ਹਿੰਦੀ ਦੀ ਇੱਕ ਮਸ਼ਹੂਰ ਕਵਿਤਾ ਦੇ ਬੋਲ ਹਨ:
ਮੈਂ ਅਪਨੇ ਛੋਟੇ ਸੇ ਮੁਖ ਸੇ ਕੈਸੇ ਕਰੂੰ ਗੁਣਗਾਨ
ਮਾਂ ਤੇਰੀ ਮਮਤਾ ਕੇ ਆਗੇ, ਫ਼ੀਕਾ ਹੈ ਭਗਵਾਨ।
ਇਹ ਬੋਲ ਅੱਖਰ ਅੱਖਰ ਸੱਚ ਹਨ ਕਿਉਂਕਿ ਮਾਂ ਤਾਂ ਸਚਮੁੱਚ ਹੀ ਰੱਬ ਤੋਂ ਵੀ ਉੱਚਾ ਦਰਜਾ ਰੱਖਦੀ ਹੈ। ਰੱਬ ਤਾਂ ਇਨਸਾਨ ਨੂੰ ਜਨਮ ਦਿੰਦਾ ਹੈ,ਪਾਲਦਾ ਹੈ,ਦੁੱਖ ਤੇ ਸੁੱਖ ਦਿੰਦਾ ਹੈ ਤੇ ਅੰਤ ਵਿੱਚ ਮੌਤ ਦਿੰਦਾ ਹੈ ਪਰ ਮਾਂ..ਮਾਂ ਤਾਂ ਜਨਮ ਦਿੰਦੀ ਹੈ,ਪਾਲਦੀ ਹੈ,ਕੇਵਲ ਸੁੱਖ ਦਿੰਦੀ ਹੈ ਤੇ ਔਲ਼ਾਦ ਲਈ ਸੁੱਖ ਮੰਗਦੀ ਹੈ ਤੇ ਔਲ਼ਾਦ ਨੂੰ ਸਦਾ ਜ਼ਿੰਦਗੀ ਦਿੰਦੀ ਹੈ, ਰੱਬ ਦੀ ਤਰ੍ਹਾਂ ਮੌਤ ਨਹੀਂ। ਉਹ ਆਖ਼ਰੀ ਸਾਹ ਤੱਕ ਵੀ ਆਪਣੇ ਬੱਚਿਆਂ ਦੀ ਬਿਹਤਰੀ ਲਈ ਸਮਰਪਿਤ ਰਹਿੰਦੀ ਹੈ। ਸ਼ਾਇਰ ਮੁਨੱਵਰ ਰਾਣਾ ਦਾ ਸ਼ੇਅਰ ਹੈ –
ਲਬੋਂ ਪੇ ਉਸਕੇ ਕਭੀ ਬਦਦੁਆ ਨਹੀਂ ਹੋਤੀ
ਬਸ ਏਕ ਮਾਂ ਹੈ ਜੋ ਮੁਝਸੇ ਖ਼ਫ਼ਾ ਨਹੀਂ ਹੋਤੀ।
ਅਮਰੀਕਾ ਦੇ ਰਾਸ਼ਟਰਪਤੀ ਅਬਰਾਹਮ ਲਿੰਕਨ ਨੇ ਇੱਕ ਵਾਰ ਕਿਹਾ ਸੀ-" ਮੈਂ ਜੋ ਵੀ ਹਾਂ ਜਾਂ ਜੋ ਵੀ ਹੋ ਸਕਦਾ ਹਾਂ ਕੇਵਲ ਤੇ ਕੇਵਲ ਆਪਣੀ ਮਾਂ ਦੀ ਬਦੌਲਤ ਹਾਂ।" ਵਾਕਿਆ ਹੀ ਮਾਂ ਦੀ ਹਰੇਕ ਸ਼ਖ਼ਸ ਦੇ ਜੀਵਨ ਵਿੱਚ ਵੱਡੀ ਭੂਮਿਕਾ ਹੁੰਦੀ ਹੈ ਤੇ ਇੱਕ ਮਾਂ ਆਪ ਗਿੱਲੇ ਤੇ ਪੈ ਕੇ ਵੀ ਆਪਣੇ ਬੱਚੇ ਨੂੰ ਸੁੱਕੇ 'ਤੇ ਰੱਖਦੀ ਹੈ ਤੇ ਆਪ ਭੁੱਖੀ ਰਹਿ ਕੇ ਆਪਣੇ ਬੱਚੇ ਦਾ ਪੇਟ ਭਰਦੀ ਹੈ। ਉਸਦਾ ਸਾਰਾ ਜੀਵਨ ਮੋਹ,ਪਿਆਰ,ਸੇਵਾ ਅਤੇ ਤਿਆਗ ਵਿੱਚ ਗੁਜ਼ਰ ਜਾਂਦਾ ਹੈ। ਮਾਂ ਸਦਾ ਹੀ ਨਿਰਛਲ ਤੇ ਨਿਰਮਲ ਪਿਆਰ ਦਾ ਸੋਮਾ ਹੁੰਦੀ ਹੈ। ਅਮਰੀਕੀ ਲੇਖਕ ਮਿੱਚ ਐਲਬਮ ਦੇ ਬੋਲ ਹਨ-" ਦੁਨੀਆ ਵਿੱਚ ਜੇਕਰ ਤੁਹਾਨੂੰ ਨਿਰਛਲ ਤੇ ਨਿਰਮਲ ਪਿਆਰ ਦੀ ਤਲਾਸ਼ ਹੋਵੇ ਤਾਂ ਇਹ ਤੁਹਾਨੂੰ ਆਪਣੀ ਮਾਂ ਦੀਆਂ ਮਮਤਾ ਭਰੀਆਂ ਅੱਖਾਂ ਵਿੱਚ ਜ਼ਰੂਰ ਮਿਲ ਜਾਏਗਾ। "
ਅੱਜ 9 ਮਈ ਦੇ ਦਿਨ ਦੁਨੀਆਂ ਭਰ ਵਿੱਚ ਕੌਮਾਂਤਰੀ ਮਾਂ ਦਿਵਸ ਮਨਾਇਆ ਜਾ ਰਿਹਾ ਹੈ। ਭਾਰਤ ਸਮੇਤ ਦੁਨੀਆਂ ਦੇ ਅਧਿਕਤਰ ਮੁਲਕਾਂ ਵਿੱਚ ਮਈ ਮਹੀਨੇ ਦੇ ਦੂਜੇ ਐਤਵਾਰ ਨੂੰ ਇਹ ਦਿਵਸ ਹਰ ਸਾਲ ਮਨਾਇਆ ਜਾਂਦਾ ਹੈ। ਅਮਰੀਕਾ ਦੇ ਪੱਛਮੀ ਵਰਜੀਨਿਆ ਇਲਾਕੇ ਦੀ ਵਾਸੀ ਐਨਾ ਜਾਰਵਿਸ ਨਾਮਕ ਇੱਕ ਔਰਤ ਦੀ ਮਾਂ ਐਨਾ ਰੀਵ ਜਾਰਵਿਸ ਦੀ ਦਿਲੀ ਚਾਹਤ ਸੀ ਕਿ ਦੁਨੀਆਂ ਵਿੱਚ ਮਾਂ ਨੂੰ ਸਮਰਪਿਤ ਵੀ ਇੱਕ ਦਿਨ ਮਨਾਇਆ ਜਾਣਾ ਚਾਹੀਦਾ ਹੈ। ਇਹ ਖ਼ਾਹਿਸ਼ ਆਪਣੇ ਮਨ 'ਚ ਲੈ ਕੇ ਐਨਾ ਰੀਵ ਜਾਰਵਿਸ ਤਾਂ ਸੰਨ 1905 ਵਿੱਚ ਇਸ ਜਹਾਨੋਂ ਚੱਲ ਵੱਸੀ ਪਰ ਉਸਦੀ ਧੀ ਨੇ ਆਪਣੀ ਮਾਂ ਦੀ ਖ਼ਾਹਿਸ਼ ਪੂਰੀ ਕਰਨ ਦਾ ਜ਼ਿੰਮਾ ਚੁੱਕ ਲਿਆ ਤੇ ਇਸ ਸਬੰਧੀ ਵਿੱਚ ਮੁਹਿੰਮ ਸ਼ੁਰੂ ਕਰ ਦਿੱਤੀ। ਉਸਨੇ ਮਾਂ ਦਿਵਸ ਮਨਾਉਣ ਅਤੇ ਇਸ ਦਿਨ ਪੂਰੇ ਮੁਲਕ ਵਿੱਚ ਛੁੱਟੀ ਰੱਖਣ ਦੀ ਮੰਗ ਉਠਾਈ ਜੋ ਠੁਕਰਾ ਦਿੱਤੀ ਗਈ ਪਰ ਐਨਾ ਨੇ ਹਾਰ ਨਹੀਂ ਮੰਨੀ। ਅਖ਼ੀਰ ਸੰਨ 1911 ਵਿੱਚ ਅਮਰੀਕਾ ਵਿੱਚ ਮਾਂ ਦਿਵਸ ਮਨਾਉਣਾ ਤਾਂ ਸ਼ੁਰੂ ਹੋ ਗਿਆ ਪਰ ਛੁੱਟੀ ਕੀਤੇ ਜਾਣ ਦਾ ਐਲਾਨ ਲੀਕ ਤੀਹ ਸਾਲ ਬਾਅਦ ਸੰਨ 1941 ਵਿੱਚ ਰਾਸ਼ਟਰਪਤੀ ਵੁੱਡਰੋਅ ਵਿਲਸਨ ਵੱਲੋਂ ਕੀਤਾ ਗਿਆ।

> ਅੱਜ ਦਾ ਯੁਗ ਜਿੱਥੇ ਵਿਗਿਆਨ ਅਤੇ ਤਕਨੀਕ ਦਾ ਯੁਗ ਕਿਹਾ ਜਾਂਦਾ ਹੈ ਉੱਥੇ ਹੀ ਇਹ ਖ਼ੁਦਗ਼ਰਜ਼ੀ ਤੇ ਬੇਈਮਾਨੀ ਦਾ ਵੀ ਯੁਗ ਹੈ। ਇਸ ਯੁਗ ਵਿੱਚ ਬਹੁਤ ਸਾਰੇ ਧੀਆਂ-ਪੁੱਤ ਅਜਿਹੇ ਹਨ ਜੋ ਅਹਿਸਾਨਫ਼ਰਾਮੋਸ਼ ਹੋ ਕੇ ਮਾਂ ਨੂੰ ਆਪਣੇ ਤੋਂ ਵੱਖ ਕਰ ਦਿੰਦੇ ਹਨ ਜਾਂ ਬਿਰਧ ਆਸ਼ਰਮ ਦੇ ਬੂਹੇ ਛੱਡ ਆਉਂਦੇ ਹਨ। ਸੱਚੀ ਗੱਲ ਤਾਂ ਇਹ ਹੈ ਕਿ ਅਜਿਹਾ ਕਰਨ ਵਾਲਿਆਂ ਤੋਂ ਵੱਧ ਬਦਨਸੀਬ ਦੁਨੀਆਂ 'ਤੇ ਕੋਈ ਹੋਰ ਨਹੀਂ ਹੋ ਸਕਦਾ ਹੈ।

ਉਦੋਂ ਤੋਂ ਹੀ ਮਈ ਦੇ ਦੂਜੇ ਐਤਵਾਰ ਮਾਂ ਦਿਵਸ ਮਨਾਉਣ ਦੀ ਰੀਤ ਸ਼ੁਰੂ ਹੋਈ ਜੋ ਅਧਿਕਤਰ ਮੁਲਕਾਂ ਵੱਲੋਂ ਅਪਣਾ ਲਈ ਗਈ। ਜ਼ਿਕਰਯੋਗ ਹੈ ਕਿ ਯੂ.ਕੇ.ਵਿੱਚ ਮਾਰਚ ਦੇ ਚੌਥੇ ਐਤਵਾਰ,ਯੂਨਾਨ ਵਿੱਚ 2 ਫ਼ਰਵਰੀ ਨੂੰ,ਉੱਤਰੀ ਕੋਰੀਆ ਵਿੱਚ 16 ਨਵੰਬਰ ਨੂੰ,ਇਜ਼ਰਾਈਲ ਵਿੱਚ22 ਮਈ,ਪੋਲੈਂਡ ਵਿੱਚ 26 ਮਈ ਅਤੇ ਅਰਬ ਦੇਸ਼ਾਂ ਵਿੱਚ 21 ਮਾਰਚ ਨੂੰ ਮਾਂ ਨੂੰ ਸਮਰਪਿਤ ਇਹ ਦਿਹਾੜਾ ਮਨਾਇਆ ਜਾਂਦਾ ਹੈ।
ਉੱਜ ਖੋਜਕਾਰਾਂ ਦਾ ਮੰਨਣਾ ਹੈ ਕਿ ਇੰਗਲੈਂਡ ਵਿਖੇ ਸੋਲ਼ਵੀਂ ਸਦੀ ਵਿੱਚ ' ਮਦਰਿੰਗ ਸੰਡੇ' ਮਨਾਏ ਜਾਣ ਦੀ ਪਿਰਤ ਹੋਇਆ ਕਰਦੀ ਸੀ। ਮਹੀਨੇ ਦੇ ਚੌਥੇ ਐਤਵਾਰ ਉਹ ਸਾਰੀਆਂ ਧੀਆਂ ਆਪਣੇ ਘਰਾਂ ਨੂੰ ਪਰਤਦੀਆਂ ਸਨ ਜੋ ਆਪਣੇ ਘਰਾਂ ਤੋਂ ਦੂਰ ਕਿਸੇ ਦੇ ਘਰ ਵਿੱਚ ਬਤੌਰ ਨੌਕਰਾਣੀਆਂ ਜਾਂ ਸੇਵਿਕਾਵਾਂ ਕੰਮ ਕਰਦੀਆਂ ਸਨ। ਇਸ ਦਿਨ ਉਹ ਆਪਣੀਆਂ ਮਾਂਵਾਂ ਨੂੰ ਗਲਵਕੜੀ 'ਚ ਲੈ ਕੇ ਮਿਲਦੀਆਂ ਸਨ ਤੇ ਪਰਿਵਾਰ ਵਿੱਚ ਮੌਜੂਦ ਵੱਡਾ ਪੁੱਤ ਜਾਂ ਵੱਡੀ ਧੀ 'ਮਦਰਲੀ ਕੇਕ ' ਭਾਵ ਮਾਂ ਲਈ ਤਿਆਰ ਕੀਤਾ ਇੱਕ ਖ਼ਾਸ ਕੇਕ ਲੈ ਕੇ ਆਇਆ ਕਰਦੀ ਸੀ ਜਿਸਨੂੰ ਸਾਰੇ ਪਰਿਵਾਰ 'ਚ ਬੈਠ ਕੇ ਮਾਂ ਕੱਟਦੀ ਸੀ ਤੇ ਉਪਰੰਤ ਮਾਂ ਦੀਆਂ ਦੁਆਵਾਂ ਦਾ ਪ੍ਰਤੀਕ ਉਹ ਕੇਕ ਸਾਰੇ ਪਰਿਵਾਰ ਵਿਚ ਵੰਡਿਆ ਜਾਂਦਾ ਸੀ। ਅਮਰੀਕਾ ਵਿੱਚ ਮਾਂ ਦਿਵਸ ਮਨਾਉਣ ਦੀ ਪਿਰਤ ਦਾ ਆਗ਼ਾਜ਼ ਕਰਨ ਦਾ ਮਾਣ ਐਨਾ ਰੀਵ ਜਾਰਵਿਸ, ਉਸਦੀ ਧੀ ਐਨਾ ਜਾਰਵਿਸ ਅਤੇ ਜੂਲੀਆ ਵਾਰਡ ਨਾਮਕ ਤਿੰਨ ਮਹਿਲਾਵਾਂ ਨੂੰ ਦਿੱਤਾ ਜਾਂਦਾ ਹੈ।
ਮਾਂ ਦੀ ਮਹਾਨਤਾ ਅਸਲ ਵਿੱਚ ਸ਼ਬਦਾਂ ਵਿੱਚ ਬਿਆਨ ਤੋਂ ਪਰ੍ਹੇ ਹੈ। ਉਹ ਤਾਂ ਰੱਬ ਦੇ ਅਵਤਾਰਾਂ ਦੀ ਵੀ ਜਨਮਦਾਤੀ ਹੈ। ਗੁਰਬਾਣੀ ਦੱਸਦੀ ਹੈ ਕਿ ਪਰਮਾਤਮਾ ਨੂੰ ਦੁਨੀਆਂ ਦਾ ਭਲਾ ਕਰਨ ਲਈ ਜਿੰਨੀ ਵਾਰ ਵੀ ਇਸ ਦੁਨੀਆਂ ਵਿੱਚ ਆਉਣਾ ਪਿਆ ਉਸਨੂੰ ਮਾਂ ਦੀ ਕੁੱਖ ਨੇ ਹੀ ਜਨਮ ਦਿੱਤਾ ਸੀ। ਇਹ ਵੀ ਸੱਚ ਹੈ ਕਿ ਮਾਂ ਦੀ ਥਾਂ ਕਦੇ ਕੋਈ ਨਹੀਂ ਲੈ ਸਕਦਾ ਹੈ। ਕਾਰਡੀਨਲ ਮਰਮਿਲੌਡ ਦੇ ਬਚਨ ਹਨ-" ਮਾਂ ਉਹ ਹੈ ਜੋ ਹਰੇਕ ਰਿਸ਼ਤੇ ਦੀ ਥਾਂ ਲੈ ਸਕਦੀ ਹੈ ਪਰ ਮਾਂ ਦੀ ਥਾਂ ਕੋਈ ਹੋਰ ਰਿਸ਼ਤਾ ਨਹੀਂ ਲੈ ਸਕਦਾ ਹੈ "। ਕਿਸੇ ਸ਼ਾਇਰ ਨੇ ਬਾਖ਼ੂਬੀ ਕਿਹਾ ਹੈ –
ਵੇਖਿਆ ਨਹੀਂ ਹੈ ਤੈਨੂੰ ਸਾਹਮਣੇ ਖਲੋ ਕੇ ਰੱਬਾ
ਪਰ ਹੋਵੇਂਗਾ ਜ਼ਰੂਰ ਤੂੰ ਮੇਰੀ ਮਾਂ ਵਰਗਾ।
ਅੱਜ ਦਾ ਯੁਗ ਜਿੱਥੇ ਵਿਗਿਆਨ ਅਤੇ ਤਕਨੀਕ ਦਾ ਯੁਗ ਕਿਹਾ ਜਾਂਦਾ ਹੈ ਉੱਥੇ ਹੀ ਇਹ ਖ਼ੁਦਗ਼ਰਜ਼ੀ ਤੇ ਬੇਈਮਾਨੀ ਦਾ ਵੀ ਯੁਗ ਹੈ। ਇਸ ਯੁਗ ਵਿੱਚ ਬਹੁਤ ਸਾਰੇ ਧੀਆਂ-ਪੁੱਤ ਅਜਿਹੇ ਹਨ ਜੋ ਅਹਿਸਾਨਫ਼ਰਾਮੋਸ਼ ਹੋ ਕੇ ਮਾਂ ਨੂੰ ਆਪਣੇ ਤੋਂ ਵੱਖ ਕਰ ਦਿੰਦੇ ਹਨ ਜਾਂ ਬਿਰਧ ਆਸ਼ਰਮ ਦੇ ਬੂਹੇ ਛੱਡ ਆਉਂਦੇ ਹਨ।
ਸੱਚੀ ਗੱਲ ਤਾਂ ਇਹ ਹੈ ਕਿ ਅਜਿਹਾ ਕਰਨ ਵਾਲਿਆਂ ਤੋਂ ਵੱਧ ਬਦਨਸੀਬ ਦੁਨੀਆਂ 'ਤੇ ਕੋਈ ਹੋਰ ਨਹੀਂ ਹੋ ਸਕਦਾ ਹੈ। ਕਿਸੇ ਵਿਦਵਾਨ ਦਾ ਕਥਨ ਹੈ-" ਜੋ ਮਨੁੱਖ ਆਪਣੀ ਮਾਂ ਲਈ ਸਹੀ ਸ਼ਬਦ ਨਹੀਂ ਵਰਤ ਸਕਦਾ ਹੈ,ਦੁਨੀਆਂ ਦੀ ਕਿਸੇ ਵੀ ਔਰਤ ਨੂੰ ਇੱਜ਼ਤ ਦੇਣਾ ਉਸਦੇ ਵੱਸ ਦੀ ਗੱਲ ਨਹੀਂ ਹੈ।" ਹਰੇਕ ਮਨੁੱਖ ਦਾ ਰੋਮ-ਰੋਮ ਤੇ ਸੁਆਸ-ਸੁਆਸ ਮਾਂ ਦਾ ਕਰਜ਼ਦਾਰ ਹੁੰਦਾ ਹੈ। ਬਿਪਤਾ ਪੈਣ 'ਤੇ ਜਦੋਂ ਦੁਨੀਆਂ ਦਾ ਹਰੇਕ ਰਿਸ਼ਤਾ ਸਾਥ ਛੱਡ ਜਾਂਦਾ ਹੈ ਤਾਂ ਮਾਂ ਉਦੋਂ ਵੀ ਚੱਟਾਨ ਬਣ ਕੇ ਆਪਣੀ ਔਲ਼ਾਦ ਦੇ ਨਾਲ ਖੜ੍ਹ ਜਾਂਦੀ ਹੈ। ਇੱਕ ਸ਼ਾਇਰ ਦੇ ਬੋਲ ਨੇ-" ਰੌਂਦਿਆਂ ਵੇਖ ਸ਼ਰੀਕ ਵੀ ਬੂਹੇ ਢੋਅ ਲੈਂਦੇ, ਬਿਨ ਮਾਂਵਾਂ ਦੇ ਕਾਂ ਵੀ ਟੁਕੜੇ ਖੋਹ ਲੈਂਦੇ।" ਸਾਨੂੰ ਸਭ ਨੂੰ ਇਹ ਕੌੜਾ ਸੱਚ ਸਦਾ ਯਾਦ ਰੱਖਣਾ ਚਾਹੌਦਾ ਹੈ ਕਿ-" ਤੁਹਾਡੇ ਮਾਂ-ਬਾਪ ਨਾਲ ਕੀਤਾ ਗਿਆ ਤੁਹਾਡਾ ਵਿਹਾਰ ਉਹ ਉਧਾਰ ਹੈ ਜਿਸਨੂੰ ਅੱਗੇ ਜਾ ਕੇ ਤੁਹਾਡੀ ਔਲ਼ਾਦ ਤੁਹਾਨੂੰ ਸੂਦ ਸਮੇਤ ਵਾਪਿਸ ਕਰਦੀ ਹੈ"।

ਮਹਾਨ ਸਿੱਖ ਜਰਨੈਲ ਜੱਸਾ ਸਿੰਘ ਰਾਮਗੜ੍ਹੀਆ

ਡਾ. ਰਣਜੀਤ ਸਿੰਘ

ਜਰਨੈਲ ਜੱਸਾ ਸਿੰਘ ਰਾਮਗੜ੍ਹੀਏ ਦੀ ਸਿਰਫ ਸਿੱਖ ਕੌਮ ਨੂੰ ਹੀ ਨਹੀਂ, ਸਗੋਂ ਸਾਰੇ ਦੇਸ਼ ਨੂੰ ਮਹਾਨ ਦੇਣ ਹੈ। ਜੱਸਾ ਸਿੰਘ ਅਜਿਹੇ ਪੂਰਨ ਗੁਰਸਿੱਖ ਸਨ ਜਿਨ੍ਹਾਂ ਨੇ ਹਮੇਸ਼ਾ ਨਿੱਜੀ ਹੱਤਾਂ ਦੀ ਥਾਂ ਕੌਮੀ ਹਿੱਤਾਂ ਨੂੰ ਪਹਿਲ ਦਿੱਤੀ। ਭਾਈ ਕਾਨ੍ਹ ਸਿੰਘ ਨਾਭਾ ਮਹਾਨ ਕੋਸ਼ ਵਿਚ ਲਿਖਦੇ ਹਨ, "ਗਿਆਨੀ ਭਗਵਾਨ ਸਿੰਘ ਦਾ ਸਪੁੱਤਰ ਸ਼ਸਤਰ ਵਿਦਿਆ ਦਾ ਧਨੀ ਅਤੇ ਵੱਡਾ ਹਿੰਮਤੀ ਸੀ, ਇਹ ਗੁਰਬਾਣੀ ਦਾ ਪ੍ਰੇਮੀ, ਵਰਤਾ ਕੇ ਛਕਣ ਵਾਲਾ ਅਤੇ ਨਿਡਰ ਯੋਧਾ ਸੀ।" ਉਨ੍ਹਾਂ ਦੇ ਦਾਦਾ ਜੀ ਭਾਈ ਹਰਦਾਸ ਸਿੰਘ ਦਸਮੇਸ਼ ਪਿਤਾ ਤੋਂ ਅੰਮ੍ਰਿਤ ਪਾਨ ਕਰਨ ਵਾਲੇ ਪਹਿਲੇ ਜਥੇ ਵਿਚ ਸ਼ਾਮਲ ਸਨ। ਉਹ ਬਹੁਤ ਹੀ ਨਿਪੁੰਨ ਯੋਧੇ ਤੇ ਕਾਰੀਗਰ ਸਨ। ਹਾਥੀ ਨੂੰ ਮਾਰਨ ਵਾਲੇ ਨਾਗਨੀ ਬਰਛੇ ਨੂੰ ਇਨ੍ਹਾਂ ਹੀ ਬਣਾਇਆ ਸੀ। ਦਸਮੇਸ਼ ਪਿਤਾ ਨੇ ਉਨ੍ਹਾਂ ਨੂੰ ਅਸਲੇਖ਼ਾਨੇ ਦਾ ਮੁਖੀ ਥਾਪਿਆ ਸੀ। ਉਹ ਆਪਣੇ ਸਪੁੱਤਰ ਗਿਆਨੀ ਭਗਵਾਨ ਸਿੰਘ ਸਮੇਤ ਗੁਰੂ ਜੀ ਨਾਲ ਨਾਂਦੇੜ (ਹਜ਼ੂਰ ਸਾਹਿਬ) ਤੱਕ ਜਾਣ ਵਾਲੇ ਸਿੰਘਾਂ ਵਿੱਚ ਸ਼ਾਮਲ ਸਨ। ਗੁਰੂ ਜੀ ਦੇ ਹੁਕਮਾਂ ਅਨੁਸਾਰ ਹੀ ਉਹ ਅਤੇ ਉਨ੍ਹਾਂ ਪੁੱਤਰ ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਹੇਠ ਲੜਾਈਆਂ ਲੜਦੇ ਪੰਜਾਬ ਆਏ। ਉਹ ਸਿੱਖ ਫ਼ੌਜ ਦੇ ਪ੍ਰਮੁੱਖ ਜਰਨੈਲ ਸਨ। ਗਿਆਨੀ ਗਿਆਨ ਸਿੰਘ ਜੀ ਆਪਣੀ ਪ੍ਰਮੁੱਖ ਰਚਨਾ 'ਪੰਥ ਪ੍ਰਕਾਸ਼' ਵਿਚ ਸਰਦਾਰ ਹਰਦਾਸ ਸਿੰਘ ਬਾਰੇ ਇਸ ਤਰ੍ਹਾਂ ਲਿਖਦੇ ਹਨ:
ਇਨਕਾ ਬੜਾ ਸਿੰਘ ਹਰਿਦਾਸ।
ਰਹਯੋ ਗੁਰੂ ਗੋਬਿੰਦ ਸਿੰਘ ਪਾਸ।
ਮਨ ਤਨ ਧਨ ਕਰੇ ਸੇਵ ਕਮਾਈ।
ਗੁਰੂ ਵਰ ਦੀਨੋ ਰਾਜ ਲੁਭਾਈ।

> ਸਰਦਾਰ ਜੱਸਾ ਸਿੰਘ ਹੋਰਾਂ ਦਾ ਲੰਬਾ ਕੱਦ, ਚੌੜਾ ਮੱਥਾ ਤੇ ਦਰਸ਼ਨੀ ਸੂਰਤ ਸੀ। ਉਹ ਵੱਡੇ ਤੋਂ ਵੱਡੇ ਸੰਕਟ ਸਮੇਂ ਵੀ ਬਾਣੀ ਦੇ ਓਟ ਆਸਰੇ ਸਥਿਰ ਰਹਿੰਦੇ ਸਨ। ਉਨ੍ਹਾਂ ਦੀ ਪਤਨੀ ਦਾ ਨਾਮ ਬੀਬੀ ਦਿਆਲ ਕੌਰ ਸੀ। ਜੱਸਾ ਸਿੰਘ ਨੇ ਆਪਣੀ ਪਹਿਲੀ ਲੜਾਈ 15 ਸਾਲ ਦੀ ਉਮਰ ਵਿਚ ਵਜ਼ੀਰਾਬਾਦ ਨੇੜੇ ਨਾਦਰ ਸ਼ਾਹ ਵਿਰੁੱਧ ਲੜੀ। ਇਸੇ ਲੜਾਈ ਵਿਚ ਪਿਤਾ ਗਿਆਨੀ ਭਗਵਾਨ ਸਿੰਘ ਸ਼ਹੀਦ ਹੋਏ। ਉਹ ਲੜਾਈ ਨਾਦਰਸ਼ਾਹ ਦੇ ਸਿੱਖ ਕੌਮ 'ਤੇ ਕੀਤੇ ਜਾ ਰਹੇ ਜ਼ੁਲਮਾਂ ਦਾ ਬਦਲਾ ਲੈਣ ਲਈ ਸੀ।

ਸਿੰਘ ਭਗਵਾਨ ਤਾਹਿ ਸੁਤ ਭਯੋ।
ਅਬਚਲ ਨਗਰ ਗੁਰੂ ਸੰਗ ਗਯੋ।
ਗਿਆਨੀ ਭਗਵਾਨ ਸਿੰਘ ਜਿੱਥੇ ਇਕ ਮਹਾਨ ਯੋਧਾ ਸਨ, ਉਥੇ ਪੂਰਨ ਗੁਰਸਿੱਖ ਅਤੇ ਗੁਰਬਾਣੀ ਦੇ ਵਿਦਵਾਨ ਸਨ। ਇਸੇ ਕਰਕੇ ਉਨ੍ਹਾ ਨੂੰ 'ਗਿਆਨੀ' ਆਖਿਆ ਜਾਣ ਲੱਗਿਆ। ਭਾਵੇਂ ਉਹ ਅੰਮ੍ਰਿਤਸਰ ਦੇ ਰਹਿਣ ਵਾਲੇ ਸਨ ਪਰ ਉਦੋਂ ਸਿੰਘਾਂ ਦੇ ਸਿਰਾਂ ਦੇ ਮੁੱਲ ਪੈਂਦੇ ਸਨ। ਇਸੇ ਕਰਕੇ ਉਨ੍ਹਾਂ ਨੇ ਆਪਣੀ ਰਿਹਾਇਸ਼ ਲਾਹੌਰ ਜ਼ਿਲ੍ਹੇ ਦੇ ਪਿੰਡ ਈਛੋਗਿਲ ਵਿੱਚ ਰੱਖ ਲਈ। ਇਸੇ ਪਿੰਡ ਵਿਚ ਜੱਸਾ ਸਿੰਘ ਦਾ ਜਨਮ 5 ਮਈ 1723 ਨੂੰ ਮਾਤਾ ਗੰਗੋ ਜੀ ਦੇ ਗ੍ਰਹਿ ਵਿਖੇ ਹੋਇਆ। ਜੱਸਾ ਸਿੰਘ ਹੋਰੀਂ ਪੰਜ ਭਰਾ ਸਨ। ਪਿਤਾ ਜੀ ਨੇ ਧਾਰਮਿਕ ਵਿਦਿਆ ਦੇ ਨਾਲੋ-ਨਾਲ ਆਪਣੇ ਪੁੱਤਰਾਂ ਨੂੰ ਸ਼ਸਤਰ ਵਿਦਿਆ ਵਿਚ ਵੀ ਨਿਪੁੰਨ ਕੀਤਾ। ਸਰਦਾਰ ਜੱਸਾ ਸਿੰਘ ਹੋਰਾਂ ਦਾ ਲੰਬਾ ਕੱਦ, ਚੌੜਾ ਮੱਥਾ ਤੇ ਦਰਸ਼ਨੀ ਸੂਰਤ ਸੀ। ਉਹ ਵੱਡੇ ਤੋਂ ਵੱਡੇ ਸੰਕਟ ਸਮੇਂ ਵੀ ਬਾਣੀ ਦੇ ਓਟ ਆਸਰੇ ਸਥਿਰ ਰਹਿੰਦੇ ਸਨ। ਉਨ੍ਹਾਂ ਦੀ ਪਤਨੀ ਦਾ ਨਾਮ ਬੀਬੀ ਦਿਆਲ ਕੌਰ ਸੀ। ਜੱਸਾ ਸਿੰਘ ਨੇ ਆਪਣੀ ਪਹਿਲੀ ਲੜਾਈ 15 ਸਾਲ ਦੀ ਉਮਰ ਵਿਚ ਵਜ਼ੀਰਾਬਾਦ ਨੇੜੇ ਨਾਦਰ ਸ਼ਾਹ ਵਿਰੁੱਧ ਲੜੀ। ਇਸੇ ਲੜਾਈ ਵਿਚ ਪਿਤਾ ਗਿਆਨੀ ਭਗਵਾਨ ਸਿੰਘ ਸ਼ਹੀਦ ਹੋਏ। ਉਹ ਲੜਾਈ ਨਾਦਰਸ਼ਾਹ ਦੇ ਸਿੱਖ ਕੌਮ 'ਤੇ ਕੀਤੇ ਜਾ ਰਹੇ ਜ਼ੁਲਮਾਂ ਦਾ ਬਦਲਾ ਲੈਣ ਲਈ ਸੀ। ਜ਼ਕਰੀਆ ਖਾਨ ਨੇ ਸਰਦਾਰ ਜੱਸਾ ਸਿੰਘ ਦੀ ਬਹਾਦਰੀ ਤੋਂ ਕਾਇਲ ਹੋ ਕੇ ਪੰਜ ਪਿੰਡ ਇਨਾਮ ਵਿਚ ਦਿੱਤੇ। ਉਹ ਇਤਨੇ ਫ਼ਰਾਖ਼ਦਿਲ ਸਨ ਕਿ ਸਾਰੇ ਪਿੰਡ ਆਪਣੇ ਭਰਾਵਾਂ ਵਿਚ



ਗਿਆਨੀ ਜ਼ੈਲ ਸਿੰਘ ਨੇ ਰਾਸ਼ਟਰਪਤੀ ਦੇ ਅਹੁਦੇ ਤੋਂ ਅਸਤੀਫ਼ਾ ਕਿਉਂ ਨਾ ਦਿੱਤਾ?

ਸਰੋਕਾਰ
ਉਜਾਗਰ ਸਿੰਘ
ਸਾਬਕਾ ਜਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072

ਪੰਜਾਬੀਆਂ ਅਤੇ ਖ਼ਾਸ ਤੌਰ 'ਤੇ ਸਿੱਖਾਂ ਦੇ ਦਿਮਾਗ਼ ਵਿੱਚ ਇਕ ਸਵਾਲ ਵਾਰ ਵਾਰ ਦਸਤਕ ਦੇ ਰਿਹਾ ਹੈ ਕਿ ਗਿਆਨੀ ਜ਼ੈਲ ਸਿੰਘ ਸਿੱਖੀ ਵਿਚਾਰਧਾਰਾ ਨੂੰ ਪ੍ਰਣਾਏ ਹੋਣ ਦੇ ਬਾਵਜੂਦ ਸ੍ਰੀ ਹਰਿਮੰਦਰ ਸਾਹਿਬ ਵਿੱਚ ਬਲਿਊ ਸਟਾਰ ਅਪ੍ਰੇਸ਼ਨ, ਦਿੱਲੀ ਅਤੇ ਦੇਸ਼ ਦੇ ਹੋਰ ਸ਼ਹਿਰਾਂ ਵਿੱਚ ਹੋਏ ਕਤਲੇਆਮ ਤੋਂ ਬਾਅਦ ਰਾਸ਼ਟਰਪਤੀ ਦੇ ਅਹੁਦੇ ਤੋਂ ਅਸਤੀਫ਼ਾ ਕਿਉਂ ਨਹੀਂ ਦਿੱਤਾ? ਗਿਆਨੀ ਜ਼ੈਲ ਸਿੰਘ ਰਾਸ਼ਟਰਪਤੀ ਹੋਣ ਦੇ ਨਾਤੇ ਭਾਰਤੀ ਫ਼ੌਜਾਂ ਦੇ ਕਮਾਂਡਰ-ਇਨ-ਚੀ

• ਹਰਪ੍ਰੀਤ ਕੌਰ
99880-32271

ਦੁਧਾਰੂ ਪਸ਼ੂਆਂ ਤੋਂ ਦੁੱਧ ਦੀ ਚੰਗੀ ਪੈਦਾਵਾਰ ਲੈਣ ਲਈ ਸਾਰਾ ਸਾਲ ਚਾਰੇ ਦੀ ਲੋੜ ਪੈਂਦੀ ਹੈ ਪ੍ਰੰਤੂ ਨਵੰਬਰ-ਦਸੰਬਰ ਤੇ ਮਈ-ਜੂਨ 'ਚ ਹਰੇ ਚਾਰੇ ਦੀ ਘਾਟ ਆ ਜਾਂਦੀ ਹੈ। ਇਸ ਘਾਟ ਨੂੰ ਚਾਰੇ ਦਾ ਅਚਾਰ ਬਣਾ ਤੇ ਪੂਰਾ ਕੀਤਾ ਜਾ ਸਕਦਾ ਹੈ...

ਸਾਉਣੀ ਦੇ ਚਾਰਿਆਂ ਤੋਂ ਬਣਾਓ ਪਸ਼ੂਆਂ ਲਈ ਅਚਾਰ



ਵਧੀਆ ਅਚਾਰ ਦੀ ਪਛਾਣ

ਚੰਗਾ ਅਚਾਰ ਚਮਕਦਾਰ ਤੇ ਹਰੇ-ਪੀਲੇ ਰੰਗ ਦਾ ਹੁੰਦਾ ਹੈ। ਅਚਾਰ ਦੀ ਸੁਗੰਧ ਸਿਰਕੇ ਵਰਗੀ ਹੁੰਦੀ ਹੈ। ਚੰਗਾ ਅਚਾਰ ਨਾ ਬਹੁਤਾ ਗਿੱਲਾ ਤੇ ਨਾ ਬਹੁਤਾ ਸੁੱਕਾ ਹੁੰਦਾ ਹੈ।

ਹਰੇ ਚਾਰੇ ਦੁਧਾਰੂ ਪਸ਼ੂਆਂ ਦੀ ਖ਼ੁਰਾਕ ਦਾ ਮੁੱਖ ਹਿੱਸਾ ਹਨ ਤੇ ਡੇਅਰੀ ਸਨਅਤ ਦੀ ਸਫਲਤਾ ਹਰੇ ਚਾਰੇ 'ਤੇ ਨਿਰਭਰ ਕਰਦੀ ਹੈ। ਹਰੇ ਚਾਰਿਆਂ ਵਿਚ ਪਸ਼ੂਆਂ ਲਈ ਲੋੜੀਂਦੇ ਤੱਤ, ਜਿਵੇਂ ਸੈਲੂਲੋਜ਼, ਹੈਮੀਸੈਲੂਲੋਜ਼, ਲਿਗਨਿਨ, ਕਾਰਬੋਹਾਈਡ੍ਰੇਟਸ ਤੇ ਪ੍ਰੋਟੀਨ ਹੁੰਦੇ ਹਨ ਤੇ ਛੋਟੇ ਤੱਤਾਂ ਦੀ ਕਮੀ ਵੀ ਪੂਰੀ ਹੁੰਦੀ ਹੈ। ਦੁੱਧ ਉਤਪਾਦਨ ਦੀ ਕੁੱਲ ਲਾਗਤ ਵਿਚ ਪਸ਼ੂਆਂ ਦੀ ਖ਼ੁਰਾਕ 'ਤੇ 60-70 ਫ਼ੀਸਦੀ ਖ਼ਰਚ ਆਉਂਦਾ ਹੈ। ਜੇ ਵੰਡ ਦੀ ਥਾਂ ਚੰਗੀ ਕਿਸਮ ਦਾ ਚਾਰਾ ਪਸ਼ੂਆਂ ਦੀ ਖ਼ੁਰਾਕ 'ਚ ਸ਼ਾਮਲ ਕੀਤਾ ਜਾਵੇ ਤਾਂ ਲਾਗਤ ਮੁੱਲ 'ਚ ਕਮੀ ਲਿਆਂਦੀ ਜਾ ਸਕਦੀ ਹੈ।

ਅਚਾਰ ਲਈ ਢੁੱਕਵੀਆਂ ਫ਼ਸਲਾਂ

ਚਾਰੇ ਦੀ ਵਧੀਆ ਫ਼ਸਲ ਉਹ ਹੁੰਦੀ ਹੈ ਜੋ ਕਿ ਛੇਤੀ ਵਧਣ ਵਾਲੀ ਹੋਵੇ, ਉਹ ਵਧੇਰੇ ਨਰਮ, ਸੁਆਦਲੀ ਤੇ ਆਸਾਨੀ ਨਾਲ ਪਚਣ ਵਾਲੀ ਹੋਵੇ, ਇਸ ਤੋਂ ਇਲਾਵਾ ਚਾਰੇ ਵਿਚ ਜ਼ਹਿਰੀਲਾਪਨ ਘੱਟ ਹੋਵੇ। ਹਰੇ ਚਾਰਿਆਂ ਨੂੰ ਅਸੀਂ ਦੋ ਸ਼੍ਰੇਣੀਆਂ 'ਚ ਵੰਡ ਸਕਦੇ ਹਾਂ-ਫਲ਼ੀਦਾਰ ਤੇ ਗ਼ੈਰ-ਫਲ਼ੀਦਾਰ ਚਾਰੇ। ਪੰਜਾਬ ਵਿਚ ਸਾਉਣੀ ਦੇ ਮੁੱਖ ਚਾਰੇ ਗ਼ੈਰ-ਫਲ਼ੀਦਾਰ ਹਨ-ਮੱਕੀ, ਚਰ੍ਹੀ ਤੇ ਬਾਜਰਾ। ਮੱਕੀ ਦੀ ਚਾਰੇ ਵਾਲੀ ਫ਼ਸਲ 50-60 ਦਿਨਾਂ ਵਿਚ ਕਟਾਈ ਲਈ ਤਿਆਰ ਹ�و ਜਾਂਦੀ ਹੈ। ਦੁਧਾਰੂ ਪਸ਼ੂਆਂ ਲਈ ਇਹ ਚਾਰਾ ਚੰਗਾ ਸਮਝਿਆ ਜਾਂਦਾ ਹੈ। ਚਰ੍ਹੀ ਦੀ ਫ਼ਸਲ ਮੱਕੀ ਅਤੇ ਬਾਜਰੇ ਨਾਲੋਂ ਜ਼ਿਆਦਾ ਦੇਰ ਤਕ ਹਰੀ ਰਹਿੰਦੀ ਹੈ ਤੇ ਪਸ਼ੂ ਵੀ ਇਸ ਨੂੰ ਖ਼ੁਸ਼ ਹੋ ਕੇ ਖਾਂਦੇ ਹਨ। ਬਾਜਰਾ ਬਹੁਤ ਸਖ਼ਤ ਫ਼ਸਲ ਹੈ ਤੇ ਇਹ ਖ਼ਰਾਬ ਜਲਵਾਯੂ ਵਿਚ ਵੀ ਚੰਗੀ ਹੋ ਜਾਂਦੀ ਹੈ। ਇਹ ਹਲਕੀਆਂ ਤੇ ਘੱਟ ਸਿੱਲ੍ਹ ਵਾਲੀਆਂ ਜ਼ਮੀਨਾਂ ਵਿਚ ਵੀ ਉਗਾਇਆ ਜਾ ਸਕਦਾ ਹੈ ਅਤੇ ਗਰਮ ਤੇ ਖ਼ੁਸ਼ਕ ਮੌਸਮ ਨੂੰ ਵੀ ਸਹਾਰ ਸਕਦਾ ਹੈ।

ਪੌਸ਼ਟਿਕ ਤੱਤ

ਦੁਧਾਰੂ ਪਸ਼ੂਆਂ ਤੋਂ ਦੁੱਧ ਦੀ ਚੰਗੀ ਪੈਦਾਵਾਰ ਲੈਣ ਲਈ ਪੂਰਾ ਸਾਲ ਚਾਰੇ ਦੀ ਲੋੜ ਪੈਂਦੀ ਹੈ ਪ੍ਰੰਤੂ ਨਵੰਬਰ-ਦਸੰਬਰ ਤੇ ਮਈ-ਜੂਨ ਵਿਚ ਹਰੇ ਚਾਰੇ ਦੀ ਘਾਟ ਆ ਜਾਂਦੀ ਹੈ। ਇਸ ਘਾਟ ਨੂੰ ਚਾਰੇ ਦਾ ਅਚਾਰ ਬਣਾ ਤੇ ਪੂਰਾ ਕੀਤਾ ਜਾ ਸਕਦਾ ਹੈ। ਵਧੀਆ ਅਚਾਰ ਤਿਆਰ ਕਰਨ ਲਈ ਸਾਉਣੀ ਗ਼ੈਰ-ਫਲ਼ੀਦਾਰ ਚਾਰੇ ਮੱਕੀ, ਚਰ੍ਹੀ ਤੇ ਬਾਜਰਾ ਜਿਨ੍ਹਾਂ ਵਿਚ ਨਿਸ਼ਾਸ਼ਤਾ ਜ਼ਿਆਦਾ ਤੇ ਪ੍ਰੋਟੀਨ ਘੱਟ ਹੋਵੇ, ਸਭ ਤੋਂ ਉੱਤਮ ਹਨ। ਆਕਸੀਜਨ ਰੀਸ ਦੀ ਅਣਹੋਂਦ ਵਿਚ ਖਮੀਰੇ ਹੋਏ ਹਰੇ ਚਾਰੇ ਨੂੰ ਅਚਾਰ (ਸਾਈਲੋਜ਼) ਆਖਦੇ ਹਨ। ਇਹ ਅਚਾਰ ਪੌਸ਼ਟਿਕ ਤੱਤਾਂ ਨਾਲ ਭਰਪੂਰ ਹੁੰਦਾ ਹੈ। ਅਚਾਰ ਵਿਚ ਖ਼ੁਰਾਕੀ ਤੱਤ ਹਰੇ ਚਾਰੇ ਦੇ ਬਰਾਬਰ ਹੁੰਦੇ ਹਨ। ਅਚਾਰ ਦੀ ਵਰਤੋਂ ਕਰਕੇ ਮਹਿੰਗੇ ਦਾਣੇ ਦੀ ਮਾਤਰਾ ਘਟਾਈ ਜਾ ਸਕਦੀ ਹੈ ਤੇ ਇਸ ਤਰ੍ਹਾਂ ਘੱਟ ਲਾਗਤ ਨਾਲ ਚੰਗਾ ਦੁੱਧ ਪੈਦਾ ਕੀਤਾ ਜਾ ਸਕਦਾ ਹੈ। ਅਚਾਰ ਤਿਆਰ ਕਰਨ ਲਈ ਫ਼ਸਲ ਦੀ ਕਟਾਈ ਉਸ ਸਮੇਂ ਕਰੋ ਜਦੋਂ ਇਹ ਪੌਸ਼ਟਿਕ ਤੱਤਾਂ ਨਾਲ ਭਰਪੂਰ ਹੋਵੇ ਤੇ ਸੁੱਕੇ ਮਾਦੇ ਦੀ ਮਾਤਰਾ ਵੀ ਕਾਫ਼ੀ ਹੋਵੇ। ਜੇ ਚਾਰੇ ਵਿਚ 30-35 ਫ਼ੀਸਦੀ ਸੁੱਕਾ ਮਾਦਾ ਹੋਵੇ ਤਾਂ ਅਚਾਰ ਚੰਗਾ ਬਣਦਾ ਹੈ।

ਅਚਾਰ ਬਣਾਉਣ ਲਈ ਟੋਆ

ਸਮੇਂ ਸਿਰ ਕੱਟੀ ਹੋਈ ਫ਼ਸਲ, ਜਿਸ ਵਿਚ 30-35 ਫ਼ੀਸਦੀ ਸੁੱਕਾ ਮਾਦਾ ਹੋਵੇ, ਟੋਆ ਭਰਨ ਲਈ ਤਿਆਰ ਹੈ। 10 ਮੀਟਰ ਲੰਬੇ, 3 ਮੀਟਰ ਚੌੜੇ ਤੇ 1.5 ਮੀਟਰ ਡੂੰਘੇ ਟੋਏ ਵਿਚ 300-400 ਕੁਇੰਟਲ ਹਰੇ ਚਾਰੇ ਦਾ ਆਚਾਰ ਬਣਾਇਆ ਜਾ ਸਕਦਾ ਹੈ। ਕੱਚੇ ਟੋਏ 'ਚ ਪਲਾਸਟਿਕ ਦੀ ਸ਼ੀਟ ਜ਼ਰੂਰ ਵਿਛਾਉ। ਕੱਟੀ ਹੋਈ ਫ਼ਸਲ ਦਾ 2-3 ਇੰਚ ਲੰਬਾ ਕੁਤਰਾ ਕਰੋ। ਕੁਤਰਾ ਕੀਤੇ ਚਾਰੇ ਨੂੰ ਇਕ-ਇਕ ਫੁੱਟ ਦੀਆਂ ਤਹਿਆਂ ਵਿਚ ਟੋਏ 'ਚ ਪਾਉ ਤੇ ਹਰ ਤਹਿ ਨੂੰ ਪੈਰਾਂ ਨਾਲ ਲਤਾੜੋ ਤਾਂ ਜੋ ਹਵਾ ਬਾਹਰ ਨਿਕਲ ਜਾਵੇ। ਜਿੰਨਾ ਕੁਤਰੇ ਨੂੰ ਦਬਾਉਗੇ ਉਨ੍ਹਾਂ ਹੀ ਵਧੀਆ ਅਚਾਰ ਬਣੇਗਾ। ਟੋਏ ਨੂੰ ਜ਼ਮੀਨ ਤੋਂ ਅੱਧਾ ਮੀਟਰ ਉੱਚਾ ਭਰੋ ਤੇ ਉੱਪਰੋਂ ਗੁੰਬਦ ਦੀ ਸ਼ਕਲ ਦਾ ਬਣਾਉ ਤਾਂ ਜੋ ਪਾਣੀ ਨਾਂ ਖੜ੍ਹਾ ਹੋ ਸਕੇ। ਟੋਏ ਨੂੰ ਤੂੜੀ ਜਾਂ ਪਰਾਲੀ ਦੀ 10-15 ਸੈਂਟੀਮੀਟਰ ਮੋਟੀ ਤਹਿ ਨਾਲ ਢਕ ਦਿਓ ਤੇ ਗਿੱਲੀ ਮਿਟੀ ਦਾ ਲੇਪ ਕਰ ਦੇਵੋ ਤਾਂ ਕਿ ਹਵਾ ਅੰਦਰ ਨਾ ਜਾ ਸਕੇ। ਡੇਢ ਮਹੀਨੇ ਬਾਅਦ ਅਚਾਰ ਤਿਆਰ ਹੋ ਜਾਂਦਾ ਹੈ। ਵਰਤਣ ਵੇਲੇ ਅਚਾਰ ਦੇ ਟੋਏ ਨੂੰ ਇਕ ਪਾਸੇ ਤੋਂ ਖੋਲ੍ਹੋ। ਰੋਜ਼ਾਨਾ ਵਰਤੋਂ ਅਨੁਸਾਰ ਚਾਰਾ ਕੱਢ ਕੇ ਟੋਏ ਨੂੰ ਚੰਗੀ ਤਰ੍ਹਾਂ ਬੰਦ ਕਰ ਦਿਓ। ਇਸ ਤਰ੍ਹਾਂ ਚਾਰਾ ਜ਼ਿਆਦਾ ਦੇਰ ਤਕ ਠੀਕ ਰਹੇਗਾ।

ਪਸ਼ੂਆਂ ਨੂੰ ਅਚਾਰ ਖੁਆਉਣਾ

ਹੋ ਸਕਦਾ ਹੈ ਕਿ ਪਸ਼ੂ ਪਹਿਲੇ ਕੁਝ ਦਿਨ ਅਚਾਰ ਪਸੰਦ ਨਾ ਕਰਨ, ਇਸ ਲਈ ਪਹਿਲੇ 5-6 ਦਿਨ 5-10 ਕਿੱਲੋ ਅਚਾਰ ਹਰੇ ਚਾਰੇ ਵਿਚ ਰਲਾ ਕੇ ਪਸ਼ੂਆਂ ਨੂੰ ਪਾਓ। ਬਾਅਦ ਵਿਚ ਪ੍ਰਤੀ ਪਸ਼ੂ ਨੂੰ 20-30 ਕਿੱਲੋ ਅਚਾਰ ਰੋਜ਼ਾਨਾ ਦੂਸਰੇ ਚਾਰਿਆਂ ਨਾਲ ਮਿਲਾ ਕੇ ਦਿੱਤਾ ਜਾ ਸਕਦਾ ਹੈ। ਇਸ ਅਚਾਰ ਨੂੰ ਹਰੇ ਚਾਰੇ ਦੀ ਘਾਟ ਸਮੇਂ ਮਈ-ਜੂਨ ਜਾਂ ਨਵੰਬਰ-ਦਸੰਬਰ 'ਚ ਵਰਤਿਆ ਜਾ ਸਕਦਾ ਹੈ। ਹਰੇ ਚਾਰੇ ਵਿਚ ਕਈ ਵਾਰ ਜ਼ਹਿਰੀਲੇ ਤੱਤ ਹੁੰਦੇ ਹਨ ਜੋ ਅਚਾਰ ਬਣਾਉਣ ਨਾਲ ਬਹੁਤ ਘਟ ਜਾਂਦੇ ਹਨ। ਇਸ ਅਚਾਰ ਨੂੰ ਵੇਚ ਕੇ ਕਿਸਾਨ ਵਾਧੂ ਪੈਸੇ ਕਮਾ ਸਕਦੇ ਹਨ। •

ਹਾੜੀ ਦੀਆਂ ਫ਼ਸਲਾਂ ਦੇ ਸਮਰਥਨ ਮੁੱਲ ਤੇ ਮੰਡੀ ਖ਼ਰਚੇ

ਸਮਰਥਨ ਮੁੱਲ ਵਾਲੀਆਂ ਫ਼ਸਲਾਂ

1985 ਵਿਚ ਦਾਲ਼ਾਂ ਤੇ ਤੇਲ ਬੀਜਾਂ ਦੇ ਸਮਰਥਨ ਮੁੱਲ 'ਤੇ ਖ਼ਰੀਦਦਾਰੀ ਦੀ ਜ਼ਿੰਮੇਵਾਰੀ 'ਨੈਸ਼ਨਲ ਐਗਰੀਕਲਚਰਲ ਕੋਆਪਰੇਟਿਵ ਮਾਰਕੀਟਿੰਗ ਫੈਡਰੇਸ਼ਨ ਨੂੰ ਦਿੱਤੀ ਗਈ। ਸਰਕਾਰ ਵੱਲੋਂ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਅਨੁਸਾਰ ਕੁੱਲ 23 ਫ਼ਸਲਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਨਿਰਧਾਰਤ ਕੀਤੀਆਂ ਜਾਂਦੀਆਂ ਹਨ, ਜਿਨ੍ਹਾਂ ਵਿੱਚ 7 ਅਨਾਜ - ਝੋਨਾ, ਕਣਕ, ਮੱਕੀ, ਜਵਾਰ, ਬਾਜਰਾ, ਜੌਂ ਤੇ ਰਾਗੀ, 5 ਦਾਲ਼ਾਂ - ਛੋਲੇ, ਅਰਹਰ, ਮੂੰਗੀ, ਮਾਂਹ, ਤੇ ਮਸਰ, 7 ਤੇਲ ਬੀਜ ਫ਼ਸਲਾਂ - ਮੂੰਗਫਲੀ, ਸਰ੍ਹੋਂ, ਸੋਇਆਬੀਨ, ਤਿਲ, ਸੂਰਜਮੁਖੀ, ਸੈਫ ਫਲਾਵਰ, ਨਾਈਜਰ ਸੀਡ ਅਤੇ 4 ਵਪਾਰਕ ਫ਼ਸਲਾਂ - ਕਮਾਦ, ਕਪਾਹ, ਕੋਪਰਾ ਤੇ ਜੂਟ ਸ਼ਾਮਲ ਹਨ।

ਪਰਿਵਾਰਕ ਮਜ਼ਦੂਰੀ ਖ਼ਰਚੇ

ਐਗਰੀਕਲਚਰਲ ਪ੍ਰਾਈਸ ਕਮਿਸ਼ਨ ਨੇ ਇਸ ਵਾਰ ਹਾੜੀ ਦੀਆਂ ਫ਼ਸਲਾਂ ਦਾ ਸਮਰਥਨ ਮੁੱਲ ਤੈਅ ਕਰਨ ਲੱਗਿਆਂ ਫ਼ਸਲਾਂ ਦੀਆਂ ਪੈਦਾਵਾਰ ਕੀਮਤਾਂ 'ਤੇ ਵੀ ਤਵੱਜੋ ਦਿੱਤੀ ਹੈ। ਕਿਸਾਨਾਂ ਦੁਆਰਾ ਕਾਸ਼ਤ 'ਤੇ ਕੀਤੇ ਜਾਣ ਵਾਲੇ ਖ਼ਰਚਿਆਂ 'ਚ ਪਰਿਵਾਰਿਕ ਮਜ਼ਦੂਰੀ ਦੇ ਖ਼ਰਚੇ ਨੂੰ ਵੀ ਮੱਦੇਨਜ਼ਰ ਰੱਖਿਆ ਗਿਆ ਹੈ। ਇਸ ਤਰ੍ਹਾਂ ਪਰਿਵਾਰਕ ਮਜ਼ਦੂਰੀ ਦੇ ਖ਼ਰਚੇ ਨੂੰ ਕਾਸ਼ਤਕਾਰੀ ਖ਼ਰਚਿਆਂ 'ਚ ਜੋੜਨ ਤੋਂ ਬਾਅਦ ਬਣੀ ਕੀਮਤ ਉੱਪਰ 50 ਫ਼ੀਸਦੀ ਤਕ ਮੁਨਾਫ਼ਾ ਸੁਰੱਖਿਅਤ ਕਰ ਕੇ ਘੱਟੋ ਘੱਟ ਸਮਰਥਨ ਮੁੱਲ ਤੈਅ ਕੀਤੇ ਗਏ ਹਨ।

• ਰਾਜ ਕੁਮਾਰ, ਜੀਐੱਸ ਰੋਮਾਣਾ
81460-96600

ਭਾਰਤ ਸਰਕਾਰ ਖੇਤੀ ਵਸਤਾਂ ਦੀਆਂ ਕੀਮਤਾਂ ਸਬੰਧੀ ਪਿਛਲੇ 50 ਸਾਲ ਤੋਂ ਨੀਤੀ ਲਾਗੂ ਕਰਦੀ ਆ ਰਹੀ ਹੈ। ਇਸ ਨੀਤੀ ਅਧੀਨ ਵੱਖ-ਵੱਖ ਫ਼ਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ ਸਰਕਾਰ ਵਲੋਂ ਹਰ ਸਾਲ ਫ਼ਸਲ ਦੀ ਬਿਜਾਈ ਤੋਂ ਪਹਿਲਾਂ ਨਿਰਧਾਰਤ ਕੀਤੇ ਜਾਂਦੇ ਹਨ ਤਾਂ ਕਿ ਕਿਸਾਨ ਫ਼ਸਲਾਂ ਦੀ ਚੋਣ ਸਬੰਧੀ ਸਹੀ ਫ਼ੈਸਲਾ ਲੈ ਸਕਣ। ਸਰਕਾਰ ਨੂੰ ਖੇਤੀ ਕੀਮਤਾਂ ਦੀ ਨੀਤੀ ਸਬੰਧੀ ਸਲਾਹ ਦੇਣ ਲਈ ਸਾਲ 1965 ਵਿਚ 'ਐਗਰੀਕਲਚਰਲ ਪ੍ਰਾਈਸ ਕਮਿਸ਼ਨ' ਦੀ ਸਥਾਪਨਾ ਕੀਤੀ ਗਈ ਸੀ ਅਤੇ 1985 ਵਿਚ ਇਸ ਦਾ ਨਾਂ ਬਦਲ ਕੇ 'ਕਮਿਸ਼ਨ ਫਾਰ ਐਗਰੀਕਲਚਰਲ ਕੌਸਟਸ ਐਂਡ ਪ੍ਰਾਈਸਿਜ਼' ਰੱਖਿਆ ਗਿਆ ਸੀ। ਫ਼ਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ ਨਿਰਧਾਰਿਤ ਕਰਨ ਦਾ ਮੰਤਵ ਕਿਸਾਨਾਂ ਦੀ ਆਮਦਨ ਵਧਾਉਣ ਲਈ ਉਨ੍ਹਾਂ ਨੂੰ ਖੇਤੀ ਉਤਪਾਦਨ ਦੀਆਂ ਨਵੀਆਂ ਤਕਨੀਕਾਂ ਵਿਚ ਨਿਵੇਸ਼ ਕਰਨ ਲਈ ਪ੍ਰੇਰਿਤ ਕਰਨਾ, ਉਤਪਾਦਨ ਦੇ ਸਾਧਨਾਂ ਦੀ ਯੋਗ ਵਰਤੋਂ ਨੂੰ ਯਕੀਨੀ ਬਣਾਉਣਾ ਤੇ ਫ਼ਸਲੀ ਉਤਪਾਦਨ ਦੇ ਅਨੁਪਾਤ ਨੂੰ ਦੇਸ਼ ਦੀ ਲੋੜ ਅਨੁਸਾਰ ਢਾਲਣਾ ਹੈ। ਇਸ ਨੀਤੀ ਵਿਚ ਖੇਤੀ ਉਤਪਾਦਕਾਂ ਦੇ ਹਿੱਤਾਂ ਦੇ ਨਾਲ-ਨਾਲ ਖੇਤੀ ਵਸਤਾਂ ਦੇ ਖਪਤਕਾਰਾਂ ਦਾ ਵੀ ਖ਼ਿਆਲ ਰੱਖਿਆ ਜਾਂਦਾ ਹੈ।

ਘੋਖੇ ਜਾਂਦੇ ਪਹਿਲੂ

ਫ਼ਸਲਾਂ ਦੀਆਂ ਕੀਮਤਾਂ ਸਿਫ਼ਾਰਿਸ਼ ਕਰਨ ਸਮੇਂ ਕਮਿਸ਼ਨ ਵੱਲੋਂ ਬਹੁਤ ਸਾਰੇ ਤੱਥ ਵਿਚਾਰੇ ਜਾਂਦੇ ਹਨ, ਜਿਵੇਂ ਫ਼ਸਲ ਦੀ ਪੈਦਾਵਾਰ ਦੇ ਖ਼ਰਚੇ, ਖੇਤੀ ਸਮੱਗਰੀ ਦੀਆਂ ਕੀਮਤਾਂ 'ਚ ਆਈਆਂ ਤਬਦੀਲੀਆਂ, ਖੇਤੀ ਉਪਜ ਤੇ ਖੇਤੀ ਸਮੱਗਰੀ ਦੀਆਂ ਕੀਮਤਾਂ 'ਚ ਤੁਲਨਾਤਮਕ ਤਬਦੀਲੀ, ਵੱਖ-ਵੱਖ ਫ਼ਸਲਾਂ ਦੀਆਂ ਤੁਲਨਾਤਮਕ ਕੀਮਤਾਂ, ਖੇਤੀ ਕੀਮਤਾਂ ਦਾ ਲੋਕਾਂ ਦੇ ਰਹਿਣ-ਸਹਿਣ ਦੇ ਖ਼ਰਚਿਆਂ ਤੇ ਆਮ ਕੀਮਤਾਂ 'ਤ ਪੈਣ ਵਾਲੇ ਪ੍ਰਭਾਵ, ਘਰੇਲੂ ਤੇ ਅੰਤਰਰਾਸ਼ਟਰੀ ਕੀਮਤਾਂ ਦੀ ਸਥਿਤੀ, ਜਨਤਕ ਵੰਡ ਲਈ ਕੀਮਤਾਂ, ਸਬਸਿਡੀ 'ਤੇ ਪੈਣ ਵਾਲੇ ਪ੍ਰਭਾਵ, ਖੇਤੀ ਸਨਅਤ ਦੀਆਂ ਲਾਗਤਾਂ 'ਤੇ ਪੈਣ ਵਾਲੇ ਅਸਰ, ਆਦਿ। ਇਸ ਤੋਂ ਇਲਾਵਾ ਮੰਗ, ਪੂਰਤੀ, ਬਰਾਮਦ, ਦਰਾਮਦ, ਘਰੇਲੂ ਉਪਲੱਬਧਤਾ, ਜਨਤਕ ਏਜੰਸੀਆਂ ਤੇ ਸਨਅਤਾਂ ਕੋਲ ਸਟਾਕ ਸਬੰਧੀ ਜਾਣਕਾਰੀ ਨੂੰ ਵੀ ਘੋਖਿਆ ਜਾਂਦਾ ਹੈ।

ਐੱਫਸੀਆਈ ਦੀ ਸਥਾਪਨਾ

ਨੀਤੀ ਅਨੁਸਾਰ ਘੱਟੋ-ਘੱਟ ਸਮਰਥਨ ਮੁੱਲ ਯਕੀਨੀ ਬਣਾ ਕੇ ਕਿਸਾਨਾਂ ਨੂੰ ਆਪਣੀ ਉਪਜ ਬਹੁਤ ਘੱਟ ਕੀਮਤਾਂ 'ਤੇ ਵੇਚਣ ਦੀ ਮਜਬੂਰੀ ਤੋਂ ਬਚਾਉਣ ਤੇ ਜਨਤਕ ਵੰਡ ਪ੍ਰਣਾਲੀ ਦੀਆਂ ਲੋੜਾਂ ਦੀ ਪੂਰਤੀ ਲਈ ਸਰਕਾਰੀ ਏਜੰਸੀਆਂ ਦਾ ਮੰਡੀ ਵਿਚ ਦਖ਼ਲ ਦੇਣਾ ਲਾਜ਼ਮੀ ਹੋ ਜਾਂਦਾ ਹੈ। ਇਸ ਉਦੇਸ਼ ਦੀ ਪੂਰਤੀ ਲਈ 1965 ਵਿਚ ਕੌਮੀ ਪੱਧਰ 'ਤੇ 'ਫੂਡ ਕਾਰਪੋਰੇਸ਼ਨ ਆਫ ਇੰਡੀਆ (ਐੱਫਸੀਆਈ) ਦੀ ਸਥਾਪਨਾ ਕੀਤੀ ਗਈ, ਜਿਸ ਦਾ ਮੁੱਖ ਉਦੇਸ਼ ਘੱਟੋ-ਘੱਟ ਸਮਰਥਨ ਮੁੱਲ 'ਤੇ ਅਨਾਜ ਦੀ ਖ਼ਰੀਦ ਕਰਨਾ, ਵਿਗਿਆਨਕ ਢੰਗ ਨਾਲ ਫ਼ਸਲੀ ਉਤਪਾਦਨ ਦਾ ਭੰਡਾਰਨ ਕਰਨਾ ਤੇ ਇਸ ਨੂੰ ਜਨਤਕ ਵੰਡ ਪ੍ਰਣਾਲੀ ਰਾਹੀਂ ਦੇਸ਼ ਦੇ 36 ਸੂਬਿਆਂ ਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿਚ ਮੌਜੂਦ ਘੱਟ ਕੀਮਤ ਵਾਲੀਆਂ ਪੰਜ ਲੱਖ ਦੁਕਾਨਾਂ ਰਾਹੀਂ ਵੰਡਣਾ ਹੈ।

ਮੰਡੀਕਰਨ ਲਈ ਨਿਰਧਾਰਤ ਮਾਪਦੰਡ

ਪੰਜਾਬ ਵਿਚ ਕਣਕ ਹਾੜੀ ਦੀ ਮੁੱਖ ਫ਼ਸਲ ਹੈ। ਹੋਰ ਫ਼ਸਲਾਂ, ਜਿਵੇਂ ਜੌਂ, ਛੋਲੇ, ਸਰ੍ਹੋਂ, ਮਸਰ ਆਦਿ ਅਧੀਨ ਬਹੁਤ ਘੱਟ ਰਕਬਾ ਹੈ। ਕਣਕ ਹੇਠ ਲਗਪਗ 35 ਲੱਖ ਹੈਕਟੇਅਰ ਰਕਬਾ ਹੈ। ਸਾਲ 2017-18 ਦੌਰਾਨ ਪੰਜਾਬ 'ਚ ਕਣਕ ਦੀ ਪੈਦਾਵਾਰ 178 ਲੱਖ ਟਨ ਸੀ। ਇਸ ਸਮੇਂ ਦੌਰਾਨ ਕੇਂਦਰੀ ਅੰਨ ਭੰਡਾਰ ਵਿਚ ਪੰਜਾਬ ਵੱਲੋਂ ਪਾਇਆ ਗਿਆ ਕਣਕ ਦਾ ਯੋਗਦਾਨ 35.5 ਫ਼ੀਸਦੀ ਸੀ। ਇਸ ਲਈ ਕਹਿ ਸਕਦੇ ਹਾਂ ਕਿ ਦੇਸ਼ ਦੀ ਭੋਜਨ ਸੁਰੱਖਿਆ ਵਿਚ ਪੰਜਾਬ ਦਾ ਮਹੱਤਵਪੂਰਨ ਯੋਗਦਾਨ ਹੈ। ਉਪਜ ਦਾ ਸਹੀ ਭਾਅ ਲੈਣ ਲਈ ਕੇਂਦਰ ਸਰਕਾਰ ਦੁਆਰਾ ਨਿਰਧਾਰਤ ਮਾਪਦੰਡਾਂ ਅਨੁਸਾਰ ਕਣਕ ਵਿਚ ਨਮੀ ਦੀ ਮਾਤਰਾ 12 ਫ਼ੀਸਦੀ ਤੋਂ ਘੱਟ ਹੋਣੀ ਚਾਹੀਦੀ ਹੈ। ਇਸੇ ਤਰ੍ਹਾਂ ਬਾਹਰੀ ਵਸਤਾਂ 0.75 ਫ਼ੀਸਦੀ, ਹੋਰਨਾਂ ਫ਼ਸਲਾਂ ਦੇ ਦਾਣਿਆਂ ਦੀ ਮਿਲਾਵਟ 2 ਫ਼ੀਸਦੀ, ਖ਼ਰਾਬ ਦਾਣੇ 2 ਫ਼ੀਸਦੀ, ਘੱਟ ਖਰਾਬ ਦਾਣੇ 4 ਫ਼ੀਸਦੀ ਅਤੇ ਮਾਸ਼ੂ ਤੇ ਟੁੱਟੇ ਦਾਣੇ 6 ਫ਼ੀਸਦੀ ਤੋਂ ਜ਼ਿਆਦਾ ਨਹੀਂ ਹੋਣੇ ਚਾਹੀਦੇ। ਹਾੜੀ ਦੀਆਂ ਹੋਰ ਫ਼ਸਲਾਂ, ਜਿਵੇਂ ਜੌਂ, ਛੋਲੇ, ਮਸਰ ਲਈ ਨਮੀ ਦੀ ਵੱਧ ਤੋਂ ਵੱਧ ਮਾਤਰਾ 12 ਫ਼ੀਸਦੀ ਅਤੇ ਸਰ੍ਹੋਂ ਲਈ 8 ਫ਼ੀਸਦੀ ਨਿਰਧਾਰਿਤ ਕੀਤੀ ਗਈ ਹੈ। ਇਸ ਲਈ ਕਿਸਾਨਾਂ ਨੂੰ ਫ਼ਸਲ ਦੀ ਸਹੀ ਕੀਮਤ ਲੈਣ ਲਈ ਨਿਰਧਾਰਿਤ ਮਾਪਦੰਡਾਂ ਅਨੁਸਾਰ ਹੀ ਜਿਨਸ ਮੰਡੀ 'ਚ ਲੈ ਕੇ ਜਾਣੀ ਚਾਹੀਦੀ ਹੈ। ਇਸ ਨਾਲ ਫ਼ਸਲਾਂ ਦੀ ਵਿਕਰੀ 'ਚ ਕਾਰਜ-ਕੁਸ਼ਲਤਾ ਵਧੇਗੀ ਤੇ ਕਿਸਾਨ ਕਾਰਗਰ ਢੰਗ ਨਾਲ ਮੰਡੀਕਰਨ ਕਰ ਸਕਣਗੇ।

ਘੱਟੋ ਘੱਟ ਸਮਰਥਨ ਮੁੱਲ

ਕੇਂਦਰ ਸਰਕਾਰ ਵੱਲੋਂ 2018-19 ਦੌਰਾਨ ਹਾੜ੍ਹੀ ਦੀਆਂ ਫ਼ਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ ਨਿਰਧਾਰਿਤ ਕਰ ਦਿੱਤੇ ਗਏ ਹਨ। ਹਾੜ੍ਹੀ ਦੀਆਂ ਫ਼ਸਲਾਂ ਦੇ ਘਰੇਲੂ ਉਤਪਾਦਨ ਨੂੰ ਹੁਲਾਰਾ ਦੇਣ ਲਈ ਕਣਕ ਦਾ ਭਾਅ 1735 ਰੁਪਏ ਤੋਂ ਵ

ਹਜ਼ਰਤ ਫ਼ਰੀਦ-ਉਦ-ਦੀਨ ਮਸਊਦ ਗੰਜ-ਇ-ਸ਼ਕਰ

ਪ੍ਰਿੰ. ਗੁਰਚਰਨ ਸਿੰਘ ਤਲਵਾੜਾ

ਹਜ਼ਰਤ ਬਾਬਾ ਫ਼ਰੀਦ ਜੀ ਦਾ ਪੂਰਾ ਨਾਂ ਫ਼ਰੀਦ-ਉਦ-ਦੀਨ ਮਸਊਦ ਸੀ। ਸ਼ਕਰਗੰਜ ਆਪ ਦਾ ਲਕਬ ਹੈ। ਫ਼ਰੀਦ ਦਾ ਸ਼ਬਦੀ ਅਰਥ ਹੈ-ਬੇਮਿਸਾਲ, ਅਦੁੱਤੀ, ਲਾਸਾਨੀ। ਚਿਸ਼ਤੀ ਸਿਲਸਿਲੇ ਦੇ ਇਸ ਵਿਸ਼ਵ ਪ੍ਰਸਿੱਧ ਸੂਫ਼ੀ ਦਰਵੇਸ਼ ਤੇ ਪੰਜਾਬੀ ਦੇ ਪਹਿਲੇ ਕਵੀ ਹਜ਼ਰਤ ਸ਼ੇਖ ਫ਼ਰੀਦ-ਉਦ-ਦੀਨ ਮਸਊਦ ਗੰਜ-ਇ-ਸ਼ਕਰ ਨੂੰ ਆਮ ਕਰਕੇ ਬਾਬਾ ਫ਼ਰੀਦ ਦੇ ਨਾਂ ਨਾਲ ਹੀ ਪੁਕਾਰਿਆ ਜਾਂਦਾ ਹੈ।

ਫ਼ਰੀਦ ਨਾਂ ਲੈਂਦਿਆਂ ਜਾਂ ਸੁਣਦਿਆਂ ਹੀ ਖ਼ਿਆਲ ਇਸ ਕਾਮਿਲ ਸੂਫ਼ੀ ਦਰਵੇਸ਼ ਦਾ ਆਉਂਦਾ ਹੈ। ਹਜ਼ਰਤ ਸ਼ੇਖ਼ ਫ਼ਰੀਦ ਜਾ ਜਨਮ 1173 ਈਸਵੀ ਵਿਚ ਪਿੰਡ ਕੋਠੇਵਾਲ, ਨੇੜੇ ਮੁਲਤਾਨ, ਪਾਕਿਸਤਾਨ ਵਿਖੇ ਹੋਇਆ। ਆਪ ਦੇ ਪਿਤਾ ਦਾ ਨਾਂ ਸ਼ੇਖ਼ ਜਮਾਲੁੱਦੀਨ ਸੁਲੇਮਾਨ ਅਤੇ ਮਾਤਾ ਦਾ ਨਾਂ ਬੀਬੀ ਮਰੀਅਮ ਸੀ। ਉੱਚ ਵਿੱਦਿਆ ਆਪ ਨੇ ਮੁਲਤਾਨ ਵਿਖੇ ਹਾਸਲ ਕੀਤੀ। ਹਜ਼ਰਤ ਖ਼ਵਾਜਾ ਕੁਤਬੁੱਦੀਨ ਬਖ਼ਤਿਆਰ ਕਾਕੀ ਆਪ ਦੇ ਪੀਰੋ-ਮੁਰਸ਼ਦ ਤੇ ਹਜ਼ਰਤ ਖ਼ਵਾਜਾ ਮੁਈਨੁੱਦੀਨ ਚਿਸ਼ਤੀ ਅਜਮੇਰੀ ਆਪ ਦੇ ਦਾਦਾ ਪੀਰ ਸਨ।

1235 ਤੋਂ 1266 ਈਸਵੀ ਤਕ ਆਪ ਨੇ ਚਿਸ਼ਤੀ ਸੂਫ਼ੀ ਸਿਲਸਿਲੇ ਦੀ ਵਾਗਡੋਰ ਸੰਭਾਲੀ। ਅਜੋਧਨ (ਪਾਕਪਟਨ) ਵਿਖੇ ਖ਼ਾਨਕਾਹ ਸਥਾਪਿਤ ਕੀਤੀ। ਹਜ਼ਰਤ ਸ਼ੇਖ਼ ਫ਼ਰੀਦ-ਉਦ-ਦੀਨ ਗੰਜ-ਇ-ਸ਼ਕਰ ਦੀ ਪੰਜਾਬੀ ਭਾਸ਼ਾ ਵਿਚ ਲਿਖੀ ਬਾਣੀ ਦੇ 112 ਸਲੋਕ ਅਤੇ ਚਾਰ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ। ਪਾਕਪਟਨ (ਪਾਕਿਸਤਾਨ) ਵਿਖੇ ਸਥਿਤ ਆਪ ਦੀ ਦਰਗਾਹ ਪਾਕਿਸਤਾਨ ਦੀ ਸਭ ਤੋਂ ਪ੍ਰਸਿੱਧ ਜ਼ਿਆਰਤਗਾਹ ਹੈ। •

94634-63193

ਸੁਲਤਾਨ ਹਮ ਦਰਵੇਸ਼ ਗੁਰੂ ਕਰਤਾ ਹਰਿਰਾਇ

ਰਮੇਸ਼ ਬੱਗਾ ਚੋਹਲਾ

3 ਅਪ੍ਰੈਲ ਗੁਰਗੱਦੀ ਦਿਵਸ 'ਤੇ

ਸਿੱਖ ਧਰਮ ਬਾਕੀ ਧਰਮਾਂ ਨਾਲੋਂ ਉਮਰ 'ਚ ਬੇਸ਼ੱਕ ਕੁਝ ਛੁਟੇਰਾ ਹੈ ਪਰ ਸਿੱਖ ਗੁਰੂਆਂ ਨੇ ਮਨੁੱਖੀ ਆਤਮਾ ਦੇ ਵਿਕਾਸ ਲਈ ਜੋ ਫਲਸਫ਼ਾ ਦਿੱਤਾ ਹੈ, ਉਹ ਸਰਲ, ਸਹਿਜ ਤੇ ਸਮਾਜ ਪੱਖੀ ਹੈ। ਸਿੱਖੀ ਅਸਲ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਪ੍ਰਚਾਰੀ ਤੇ ਪ੍ਰਸਾਰੀ ਗਈ ਅਜਿਹੀ ਜੀਵਨ ਜਾਂਚ ਹੈ, ਜਿਸ ਨੂੰ ਅਪਣਾ ਕੇ ਕੋਈ ਵੀ ਵਿਅਕਤੀ ਜਿੱਥੇ ਸਮਾਜਿਕ ਜ਼ਿੰਮੇਵਾਰੀਆਂ ਨੂੰ ਸਫਲਤਾ ਪੂਰਵਕ ਨਿਭਾਅ ਸਕਦਾ ਹੈ, ਉੱਥੇ ਪਰਮ ਪਿਤਾ ਦੀ ਨੇੜਤਾ ਦਾ ਨਿੱਘ ਵੀ ਮਾਣ ਸਕਦਾ ਹੈ। ਗੁਰੂ ਸਾਹਿਬਾਨ ਨੇ ਅਜਿਹੀ ਉੱਚੀ ਤੇ ਸੁੱਚੀ ਵਿਚਾਰਧਾਰਾ ਮਨੁੱਖਤਾ ਨੂੰ ਬਖ਼ਸ਼ੀ ਹੈ, ਜੋ ਧਰਮ ਦੇ ਖੇਤਰ 'ਚ ਸ਼ਾਮਲ ਹੋਏ ਕਰਮਕਾਂਡੀ ਵਿਹਾਰ ਨੂੰ ਰੱਦ ਕਰ ਕੇ ਨਰੋਲ ਪ੍ਰੇਮ ਪੂਰਵਕ ਵਿਧਾਨ ਦਾ ਪੱਖ ਪੂਰਦੀ ਹੈ। ਇਸ ਵਿਧਾਨ ਦੀ ਪੁਸ਼ਟੀ ਜਿੱਥੇ ਦਸ ਪਾਤਸ਼ਾਹੀਆਂ ਨੇ ਆਪੋ-ਆਪਣੇ ਸਮਿਆਂ ਵਿਚ ਕੀਤੀ, ਉੱਥੇ ਉਨ੍ਹਾਂ ਭਗਤਾਂ, ਭੱਟਾਂ ਤੇ ਗੁਰੂ ਘਰ ਦੇ ਨਿਕਟਵਰਤੀਆਂ ਦਾ ਵੀ ਰੱਜਵਾਂ ਸਤਿਕਾਰ ਕੀਤਾ ਹੈ, ਜਿਨ੍ਹਾਂ ਦੀ ਅਧਿਆਤਮਕ ਸੋਚ ਇਸ ਵਿਧਾਨ ਦੇ ਨੇੜੇ ਸੀ। ਦਸ ਗੁਰੂ ਸਾਹਿਬਾਨ ਨੇ ਆਪਣੇ-ਆਪਣੇ ਤਰੀਕਿਆਂ ਨਾਲ ਜਿੱਥੇ ਭਾਓ-ਭਗਤੀ ਦੇ ਵਿਧਾਨ ਨੂੰ ਸਾਰਥਿਕਤਾ ਪ੍ਰਦਾਨ ਕੀਤੀ, ਉੱਥੇ ਮਨੁੱਖੀ ਕਦਰਾਂ-ਕੀਮਤਾਂ ਦੀ ਵੀ ਡਟ ਕੇ ਪਹਿਰੇਦਾਰੀ ਕੀਤੀ। ਇਸ ਪਹਿਰੇਦਾਰੀ ਲਈ ਸੱਤਵੇਂ ਨਾਨਕ ਸਾਹਿਬ ਸ੍ਰੀ ਗੁਰੂ ਹਰਿਰਾਇ ਜੀ ਦਾ ਨਾਂ ਵੀ ਪੰਨਤਾ ਦੇ ਯੋਗ ਹੈ।

ਸ੍ਰੀ ਹਰਿਰਾਇ ਸਾਹਿਬ ਦਾ ਜਨਮ 16 ਜਨਵਰੀ 1630 ਈਸਵੀ ਨੂੰ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦੇ ਵੱਡੇ ਸਪੁੱਤਰ ਬਾਬਾ ਗੁਰਦਿੱਤਾ ਜੀ ਤੇ ਮਾਤਾ ਨਿਹਾਲ ਕੌਰ ਦੇ ਘਰ ਕੀਰਤਪੁਰ ਸਾਹਿਬ (ਹੁਸ਼ਿਆਰਪੁਰ) ਵਿਖੇ ਹੋਇਆ। ਗੁਰੂ ਸਾਹਿਬ ਦਾ ਬਚਪਨ ਕੀਰਤਪੁਰ ਸਾਹਿਬ ਵਿਖੇ ਹੀ ਬੀਤਿਆ। ਜਦੋਂ ਆਪ 8 ਕੁ ਸਾਲ ਦੇ ਹੋਏ ਤਾਂ ਪਿਤਾ ਬਾਬਾ ਗੁਰਦਿੱਤਾ ਜੀ ਗੁਰਪੁਰੀ ਪਿਆਨਾ ਕਰ ਗਏ। ਉਮਰ ਦੇ ਅਗਲੇ 10 ਸਾਲ ਆਪ ਨੇ ਆਪਣੇ ਦਾਦਾ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦੀ ਨਜ਼ਰਮਾਨੀ ਹੇਠ ਬਤੀਤ ਕੀਤੇ। ਇਸੇ ਸਦਕਾ ਆਪ ਦੇ ਵਿਅਕਤੀਤਵ ਵਿਚ ਦਾਦਾ ਗੁਰੂ ਵਾਲੀਆਂ ਸਿਫ਼ਤਾਂ ਪ੍ਰਤੀਬਿੰਬਤ ਹੁੰਦੀਆਂ ਰਹੀਆਂ ਹਨ।

ਗੁਰੂ ਹਰਿਰਾਇ ਸਾਹਿਬ ਨੇ ਮੁਢਲੀ ਤਾਲੀਮ ਭਾਈ ਦਰਗਾਹ ਮੱਲ ਪਾਸੋਂ ਹਾਸਲ ਕੀਤੀ ਤੇ ਸ਼ਸਤਰ ਵਿੱਦਿਆ ਭਾਈ ਬਿਧੀ ਚੰਦ ਛੀਨਾ ਜੀ ਪਾਸੋਂ ਗ੍ਰਹਿਣ ਕੀਤੀ। ਆਪ 13-14 ਸਾਲ ਦੀ ਉਮਰ ਤਕ ਸ਼ਸਤਰ ਤੇ ਸ਼ਾਸਤਰ ਵਿੱਦਿਆ ਵਿਚ ਮੁਹਾਰਤ ਪ੍ਰਾਪਤ ਕਰ ਗਏ। ਆਪ ਜੀ ਦੇ ਉਸਤਾਦਾਂ ਵਿਚ ਪੁਰੋਹਿਤ ਜਾਤੀ ਮੱਲ ਦਾ ਨਾਂ ਵੀ ਜ਼ਿਕਰਯੋਗ ਹੈ।

ਸੱਤਵੇਂ ਪਾਤਸ਼ਾਹ ਜਿੱਥੇ ਗਿਆਨਵਾਨ, ਮਿੱਠੇ ਤੇ ਨਿੱਘੇ ਸੁਭਾਅ ਦੇ ਮਾਲਕ ਸਨ, ਉੱਥੇ ਉਨ੍ਹਾਂ ਦਾ ਹਿਰਦਾ ਬੜਾ ਕੋਮਲ ਸੀ। ਇਤਿਹਾਸ 'ਚ ਜ਼ਿਕਰ ਆਉਂਦਾ ਹੈ ਕਿ ਇਕ ਵਾਰੀ ਕਰਤਾਰਪੁਰ ਦੇ ਬਾਗ਼ ਵਿਚ ਸੈਰ ਕਰਦਿਆਂ ਤੇਜ਼ ਹਵਾ ਵਗ ਰਹੀ ਸੀ। ਹਵਾ ਕਾਰਨ ਆਪ ਦਾ ਜਾਮਾ ਬੂਟਿਆਂ ਨਾਲ ਉਲਝ ਗਿਆ। ਤੇ ਕੁਝ ਫੁੱਲ ਟਹਿਣੀ ਨਾਲੋਂ ਟੁੱਟ ਕੇ ਹੇਠਾਂ ਡਿੱਗ ਪਏ। ਟੁੱਟੇ ਫੁੱਲਾਂ ਨੂੰ ਦੇਖ ਕੇ ਗੁਰੂ ਸਾਹਿਬ ਦੇ ਕੋਮਲ ਹਿਰਦੇ ਨੂੰ ਬਹੁਤ ਠੇਸ ਪੁੱਜੀ। ਇੰਨੇ ਚਿਰ ਵਿਚ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਕੋਲ ਆਏ ਤੇ ਉਦਾਸੀ ਦਾ ਕਾਰਨ ਪੁੱਛਿਆ। ਆਪ ਨੇ ਕਿਹਾ ਕਿ ਸੱਚੇ ਪਾਤਸ਼ਾਹ ਮੇਰੇ ਖੁੱਲ੍ਹੇ ਜਾਮੇ ਨਾਲ ਅੜ ਕੇ ਇਹ ਨਿਰਦੋਸ਼ ਫੁੱਲ ਹੇਠਾਂ ਡਿੱਗ ਪਏ ਹਨ। ਇਸ ਮੌਕੇ ਛੇਵੇਂ ਪਾਤਸ਼ਾਹ ਨੇ ਕਿਹਾ ਕਿ ਜੇ ਜਾਮਾ ਵੱਡਾ ਪਹਿਨੀਏ ਤਾਂ ਸੰਭਲ ਕੇ ਤੁਰਨਾ ਚਾਹੀਦਾ ਹੈ। ਉਪਦੇਸ਼ ਬੜਾ ਸਪਸ਼ਟ ਸੀ ਕਿ ਜੇ ਜ਼ਿੰਮੇਵਾਰੀ ਵੱਡੀ ਹੋਵੇ ਤਾਂ ਤਾਕਤ ਦੀ ਵਰਤੋਂ ਸੋਚ ਸਮਝ ਕੇ ਕਰਨੀ ਚਾਹੀਦੀ ਹੈ। ਇਹ ਤਾਕਤ ਨਿਆਸਰਿਆਂ ਦਾ ਆਸਰਾ ਬਣਨੀ ਚਾਹੀਦੀ ਹੈ। ਗੁਰੂ ਹਰਿਰਾਇ ਜੀ ਨੇ ਆਪਣੇ ਦਾਦਾ ਗੁਰੂ ਜੀ ਦੇ ਉਪਦੇਸ਼ ਨੂੰ ਪੱਲ੍ਹੇ ਨਾਲ ਬੰਨ੍ਹ ਲਿਆ ਤੇ ਸਾਰੀ ਹਯਾਤੀ ਇਸ ਉਪਦੇਸ਼ ਦੀ ਕਮਾਈ ਕੀਤੀ ਤੇ ਤਾਣ ਹੁੰਦਿਆਂ ਵੀ ਨਿਤਾਣੇ ਬਣੇ ਰਹੇ। ਗੁਰੂ ਸਾਹਿਬ ਬਾਬਾ ਸ਼ੇਖ਼ ਫ਼ਰੀਦ ਜੀ ਦੇ ਇਹ ਬਚਨ ਬੜੇ ਪ੍ਰੇਮ ਨਾਲ ਉਚਾਰਿਆ ਕਰਦੇ ਸਨ :

ਸਭਨਾ ਮਨ ਮਾਣਿਕ ਠਾਹੁਣ ਮੂਲ ਮਚਾਂਗਣਾ॥
ਜੇ ਤਉ ਪਿਰੀਆ ਦੀ ਸਿੱਕ ਹਿਆਉ ਨਾ ਠਾਹੇ ਕਹੀਦਾ॥

ਇਸ ਤੋਂ ਇਲਾਵਾ ਉਹ ਸ਼ਬਦ 'ਪਾਤੀ ਤੈਰੇ ਮਾਲਿਨੀ ਪਾਤੀ ਪਾਤੀ ਜੀਓ' ਵੀ ਬੜੇ ਵਿਸਮਾਦ ਵਿਚ ਗਾਇਆ ਕਰਦੇ ਸਨ। ਗੁਰੂ ਸਾਹਿਬ ਦੀ ਸ਼ਾਦੀ ਅਨੂਪ ਸ਼ਹਿਰ (ਯੂਪੀ) ਦੇ ਵਸਨੀਕ ਸ੍ਰੀ ਦਇਆ ਰਾਮ ਦੀ ਸਪੁੱਤਰੀ ਬੀਬੀ ਕ੍ਰਿਸ਼ਨ ਕੌਰ ਜੀ ਨਾਲ ਹੋਈ। ਆਪ ਦੇ ਘਰ ਦੋ ਸਪੁੱਤਰ ਸ੍ਰੀ ਰਾਮ ਰਾਏ ਤੇ ਸ੍ਰੀ ਹਰਿਕ੍ਰਿਸ਼ਨ ਜੀ ਪੈਦਾ ਹੋਏ।

ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ 3 ਮਾਰਚ 1644 ਨੂੰ ਜੋਤੀ ਜੋਤ ਸਮਾ ਗਏ ਸਨ। ਉਸ ਤੋਂ ਪੰਜ ਦਿਨ ਬਾਅਦ 8 ਮਾਰਚ ਨੂੰ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਭਾਈ ਭਾਨਾ ਜੀ (ਸਪੁੱਤਰ ਬਾਬਾ ਬੁੱਢਾ ਸਾਹਿਬ) ਜੀ ਨੇ ਗੁਰੂ ਸਾਹਿਬ ਨੂੰ ਗੁਰਿਆਈ ਦਾ ਤਿਲਕ ਲਗਾਇਆ। ਗੁਰੂ ਸਾਹਿਬ ਨੇ ਆਪਣੇ ਦਾਦਾ ਗੁਰੂ ਵਾਂਗ ਸਿੱਖਾਂ ਵਿਚੋਂ ਬੀਰ ਰਸ ਨੂੰ ਮੱਧਮ ਨਹੀਂ ਪੈਣ ਦਿੱਤਾ ਤੇ 2000 ਤੋਂ ਵਧੇਰੇ ਸੈਨਿਕ ਜਿੱਥੇ ਯੁੱਧ ਕਲਾਵਾਂ ਦਾ ਅਕਸਰ ਅਭਿਆਸ ਕਰਦੇ, ਉੱਥੇ ਕਿਸੇ ਵੀ ਔਖੀ ਘੜੀ ਦਾ ਸਾਹਮਣਾ ਕਰਨ ਲਈ ਸਦਾ ਚੜ੍ਹਦੀ ਕਲਾ ਵਿਚ ਰਹਿੰਦੇ ਸਨ। ਆਪ ਜੀ ਵੱਲੋਂ ਗੁਰੂ ਦੇ ਲੰਗਰ ਲਈ ਵਿਸ਼ੇਸ਼ ਹਦਾਇਤ ਸੀ ਕਿ ਭੁੱਖ ਦਾ ਕੋਈ ਸਮਾਂ ਨਹੀਂ ਹੁੰਦਾ, ਜਦੋਂ ਵੀ ਕੋਈ ਲੋੜਵੰਦ ਲੰਗਰ ਵਿਚ ਆਵੇ ਤਾਂ ਉਸ ਨੂੰ ਪ੍ਰਸ਼ਾਦਾ-ਪਾਣੀ ਤਿਆਰ ਕਰਕੇ ਛਕਾਇਆ ਜਾਵੇ।

ਆਪ ਇੰਨੇ ਰਹਿਮ ਦਿਲ ਸਨ ਕਿ ਕਿਸੇ ਦਾ ਵੀ ਦੁੱਖ ਸਹਿਣ ਨਹੀਂ ਸਨ ਕਰ ਸਕਦੇ। ਇਸ ਲਈ ਰੋਗੀਆਂ ਵਾਸਤੇ ਉਨ੍ਹਾਂ ਨੇ ਇਕ ਦਵਾਖ਼ਾਨਾ ਵੀ ਖੋਲ੍ਹਿਆ ਅਤੇ ਗ਼ਰੀਬਾਂ ਤੇ ਲੋੜਵੰਦਾਂ ਨੂੰ ਦਵਾਈਆਂ ਮੁਫ਼ਤ ਦਿੱਤੀਆਂ ਜਾਂਦੀਆਂ ਸਨ। ਮੁਗ਼ਲ ਬਾਦਸ਼ਾਹ ਸ਼ਾਹਜਹਾਨ ਦਾ ਪੁੱਤਰ ਦਾਰਾ ਸ਼ਿਕੋਹ ਵੀ ਉਨ੍ਹਾਂ ਵੱਲੋਂ ਦਿੱਤੀਆਂ ਦਵਾਈਆਂ ਦੀ ਬਦੌਲਤ ਸਿਹਤਯਾਬ ਹੋਇਆ ਸੀ। ਇਥੇ ਹੀ ਬੱਸ ਨਹੀਂ, ਲੋੜ ਪੈਣ 'ਤੇ ਗੁਰੂ ਸਾਹਿਬ ਨੇ ਦਾਰਾ ਸ਼ਿਕੋਹ ਦੀ ਮਦਦ ਵੀ ਕੀਤੀ।

ਜਦੋਂ ਔਰੰਗਜ਼ੇਬ ਨੇ ਗੁਰੂ ਸਾਹਿਬ ਨੂੰ ਦਿੱਲੀ ਬੁਲਾਇਆ ਤਾਂ ਆਪ ਨੇ ਆਪਣੇ ਜੇਠੇ ਪੁੱਤਰ ਰਾਮਰਾਇ ਨੂੰ ਭੇਜ ਦਿੱਤਾ ਤੇ ਹਦਾਇਤ ਕੀਤੀ ਕਿ ਔਰੰਗਜ਼ੇਬ ਦੇ ਦਰਬਾਰ ਵਿਚ ਜੋ ਵੀ ਬਚਨ ਬਿਲਾਸ ਕਰਨੇ ਹਨ, ਉਹ ਗੁਰੂ ਨਾਨਕ ਪਾਤਸ਼ਾਹ ਦੇ ਆਸ਼ੇ ਅਨੁਸਾਰ ਹੋਣੇ ਚਾਹੀਦੇ ਹਨ ਪਰ ਗੁਰੂ ਸਾਹਿਬ ਦੀ ਹਦਾਇਤ ਦੇ ਉਲਟ ਰਾਮਰਾਇ ਨੇ ਬਾਦਸ਼ਾਹ ਨੂੰ ਖ਼ੁਸ਼ ਕਰਨ ਲਈ ਰੱਬੀ ਬਾਣੀ ਵਿਚ ਹੇਰ-ਫੇਰ ਕਰਦਿਆਂ 'ਮਿੱਟੀ ਮੁਸਲਮਾਨ ਕੀ' ਦੀ ਵਾਲੀ ਪੰਕਤੀ ਨੂੰ 'ਮਿੱਟੀ ਬੇਈਮਾਨ ਕੀ' ਕਹਿ ਕੇ ਬਾਦਸ਼ਾਹ ਨੂੰ ਤਾਂ ਖ਼ੁਸ਼ ਕਰ ਲਿਆ ਪਰ ਗੁਰੂ ਨਾਨਕ ਦੇ ਘਰ ਨਾਲ ਸਦਾ ਵਾਸਤੇ ਨਰਾਜ਼ਗੀ ਮੁੱਲ ਲੈ ਲਈ।

ਗੁਰੂ ਹਰਿਰਾਇ ਸਾਹਿਬ ਨੂੰ ਰਾਮਰਾਇ ਦੀ ਇਸ ਕਾਰਵਾਈ ਨਾਲ ਬੜਾ ਦੁੱਖ ਹੋਇਆ ਤੇ ਉਨ੍ਹਾਂ ਨੇ ਫ਼ੈਸਲਾ ਕੀਤਾ ਕਿ ਉਹ ਸਾਰੀ ਉਮਰ ਉਸ ਨੂੰ ਮੂੰਹ ਨਹੀਂ ਲਗਾਉਣਗੇ। ਇਸੇ ਕਰਕੇ ਉਨ੍ਹਾਂ ਨੇ ਗੁਰਗੱਦੀ ਦਾ ਹੱਕਦਾਰ ਆਪਣੇ ਛੋਟੇ ਸਪੁੱਤਰ ਸ੍ਰੀ (ਗੁਰੂ) ਹਰਿਕ੍ਰਿਸ਼ਨ ਜੀ ਨੂੰ ਬਣਾਇਆ। ਗੁਰੂ ਸਾਹਿਬ ਦਾ ਅਖ਼ਰੀਲਾ ਸਮਾਂ ਕੀਰਤਪੁਰ ਸਾਹਿਬ ਵਿਖੇ ਬੀਤਿਆ। 6 ਅਕਤੂਬਰ 1661 ਈਸਵੀ ਵਾਲੇ ਦਿਨ ਆਪ ਜੋਤੀ ਜੋਤ ਸਮਾ ਗਏ। •

94631-32719

ਰੂਹਾਨੀਅਤ ਤੇ ਸਮਾਜ ਸੇਵਾ

ਗੁਰੂ ਹਰਿਰਾਇ ਜੀ ਨੇ ਮਨੁੱਖੀ ਜੀਵਨ ਨੂੰ ਸਫ਼ਲ ਬਣਾਉਣ ਲਈ ਜਿੱਥੇ ਗੁਰੂ ਨਾਨਕ ਦੇਵ ਜੀ ਦੀਆਂ ਪਰੰਪਰਾਵਾਂ ਨੂੰ ਪ੍ਰਚਾਰਿਆ, ਉੱਥੇ ਲੰਗਰ ਦੀ ਸੇਵਾ ਨੂੰ ਸੁਚਾਰੂ ਬਣਾਉਣ ਲਈ ਉਪਰਾਲੇ ਕੀਤੇ। ਗ਼ਰੀਬਾਂ ਦੇ ਇਲਾਜ ਲਈ ਮੁਫ਼ਤ ਦਵਾਖ਼ਾਨਾ ਖੋਲ੍ਹਿਆ। ਭਾਈ ਨੰਦ ਲਾਲ ਗੋਯਾ ਉਨ੍ਹਾਂ ਦੀ ਵਡਿਆਈ ਇਨ੍ਹਾਂ ਸ਼ਬਦਾਂ ਨਾਲ ਕਰਦੇ ਹਨ :

ਹਕ ਪਰਵਰ ਹਕ ਕੇਸ਼ ਗੁਰੂ ਕਰਤਾ ਹਰਿਰਾਇ॥
ਸੁਲਤਾਨ ਹਮ ਦਰਵੇਸ਼ ਗੁਰੂ ਕਰਤਾ ਹਰਿਰਾਇ॥

ਭਾਈ ਮੰਝ ਜੀ ਪਹਿਲਾਂ ਸਖੀ ਸਰਵਰ ਦੇ ਮੁਰੀਦ ਸਨ। ਗੁਰੂ ਅਰਜਨ ਦੇਵ ਜੀ ਦੇ ਦਰਸ਼ਨ ਕੀਤੇ ਤਾਂ ਗੁਰੂ ਘਰ ਦੇ ਹੋ ਕੇ ਰਹਿ ਗਏ। ਗੁਰੂ ਘਰ ਦੀ ਸੇਵਾ ਜ਼ਰੀਏ ਹੀ ਉਨ੍ਹਾਂ ਨੇ ਗੁਰੂ ਮਹਾਰਾਜ ਦੀਆਂ ਬਖ਼ਸ਼ਿਸ਼ਾਂ ਪ੍ਰਾਪਤ ਕਰ ਕੇ ਜੀਵਨ ਸਫਲ ਕੀਤਾ...

3 ਅਪ੍ਰੈਲ, ਸਾਲਾਨਾ ਜੋੜ ਮੇਲੇ 'ਤੇ

ਇਤਿਹਾਸਿਕ ਗੁਰਦੁਆਰਾ ਖੂਹ ਭਾਈ ਮੰਝ ਜੀ ਸੁਲਤਾਨਵਿੰਡ

ਧਰਮਿੰਦਰ ਸਿੰਘ ਚੱਬਾ

ਭਾਈ ਮੰਝ ਦਾ ਪਹਿਲਾ ਨਾਂ 'ਤੀਰਥਾ' ਸੀ। ਉਹ ਸੁਲਤਾਨੀਏ ਦੇ ਵੱਡੇ ਆਗੂ ਤੇ ਪ੍ਰਚਾਰਕ ਸਨ। ਉਨ੍ਹਾਂ ਦੇ ਘਰ 'ਸਖੀ ਸਰਵਰ' ਦਾ 'ਪੀਰਖ਼ਾਨਾ' ਵੀ ਸੀ। ਗੁਰਦੁਆਰਾ ਇਤਿਹਾਸਿਕ ਖੂਹ ਭਾਈ ਮੰਝ ਸੁਲਤਾਨਵਿੰਡ, ਅੰਮ੍ਰਿਤਸਰ ਵਿਖੇ ਹੈ। ਇਹ ਉਹ ਇਤਿਹਾਸਿਕ ਖੂਹ ਹੈ, ਜਿਸ ਵਿਚ ਭਾਈ ਮੰਝ ਜੀ ਗੁਰੂ ਘਰ ਵਾਸਤੇ ਲੱਕੜਾਂ ਲੈਣ ਗਏ ਡਿੱਗ ਪਏ ਸਨ ਤੇ ਗੁਰੂ ਅਰਜਨ ਦੇਵ ਜੀ ਨੇ ਆਪ ਜਾ ਕੇ ਉਨ੍ਹਾਂ ਨੂੰ ਖੂਹ 'ਚੋਂ ਬਾਹਰ ਕੱਢਿਆ ਸੀ।

ਭਾਈ ਮੰਝ ਪਿੰਡ ਕੰਗ ਮਾਈ ਜ਼ਿਲ੍ਹਾ ਹੁਸ਼ਿਆਰਪੁਰ ਦੇ ਰਹਿਣ ਵਾਲੇ ਸਨ। ਘਰ ਵਿਚ ਸਖੀ ਸਰਵਰ ਦੀ ਜਗ੍ਹਾ ਬਣਾਈ ਹੋਈ ਸੀ। ਪਿੰਡ ਦੀ ਸੰਗਤ ਇਕੱਠੀ ਕਰ ਕੇ ਉਹ ਹਰ ਸਾਲ ਪੀਰ ਦੇ ਦਰਗ਼ਾਨਾਂ ਲਈ ਨਿਗਾਹੇ ਜਾਂਦੇ ਸਨ। ਹਰ ਵੀਰਵਾਰ ਰੋਟ ਚੜ੍ਹਾਉਂਦੇ ਸਨ। ਆਪ ਪਿੰਡ ਦੇ ਚੌਧਰੀ ਸਨ। ਮਾਇਆ ਦੀ ਕੋਈ ਕਮੀ ਨਹੀ ਸੀ। ਇਕ ਦਿਨ ਨਿਗਾਹੇ ਤੋਂ ਵਾਪਸ ਆਉਂਦਿਆਂ ਆਪ ਦਾ ਮੇਲ ਗੁਰੂ ਅਰਜਨ ਦੇਵ ਜੀ ਦੇ ਸਿੱਖਾਂ ਨਾਲ ਹੋਇਆ। ਵਿਚਾਰ ਵਟਾਂਦਰੇ ਉਪਰੰਤ ਗੁਰੂ ਦਰਸ਼ਨਾਂ ਦੀ ਚਾਹਤ ਪੈਦਾ ਹੋਈ। ਆਪ ਸਿੱਖਾਂ ਨਾਲ ਗੁਰੂ ਅਰਜਨ ਦੇਵ ਜੀ ਪਾਸ ਆਏ ਤੇ ਸਿੱਖੀ ਦੀ ਦਾਤ ਮੰਗੀ ਤਾਂ ਗੁਰੂ ਜੀ ਨੇ ਕਿਹਾ ਕਿ 'ਜੇ ਪਾਰ ਲੰਘਣਾ ਹੈ ਤਾਂ, ਇਕ ਪਾਸੇ ਹੋ ਜਾਓ।' ਆਪ ਨੇ ਗੁਰੂ ਚਰਨਾਂ ਵਿਚ ਆਪਣਾ ਸਿਰ ਰੱਖ ਦਿੱਤਾ। ਘਰ ਆ ਕੇ ਸਖੀ ਸਰਵਰ ਦੀ ਬਣਾਈ ਹੋਈ ਜਗ੍ਹਾ ਢਾਹ ਦਿੱਤੀ। ਪਰਖ ਸ਼ੁਰੂ ਹੋ ਗਈ। ਘਰ ਵਿਚ ਗ਼ਰੀਬੀ ਆਉਣੀ ਸ਼ੁਰੂ ਹੋ ਗਈ। ਲੋਕਾਂ ਦੇ ਮਿਹਣੇ ਵੀ ਸੁਣਨੇ ਪਏ। ਘਰ ਦੇ ਗੁਜ਼ਾਰੇ ਲਈ ਘਾਹ ਖੋਦ ਕੇ ਵੇਚਣਾ ਪਿਆ ਪਰ ਗੁਰੂ ਘਰ ਵਿਚ ਵਿਸਵਾਸ਼ ਹੋਰ ਪਕੇਰਾ ਹੁੰਦਾ ਗਿਆ। ਆਪ ਗੁਰਬਾਣੀ ਦਾ ਨਿਰੰਤਰ ਜਾਪ ਕਰਦੇ ਰਹਿੰਦੇ।

ਆਪ ਗੁਰੂ ਘਰ ਦੇ ਘੋੜਿਆਂ ਲਈ ਘਾਹ ਖੋਦ ਕੇ ਲਿਆਉਂਦੇ ਤੇ ਬਾਅਦ ਵਿਚ ਸਾਰਾ ਦਿਨ ਗੁਰੂ ਕੇ ਲੰਗਰਾਂ 'ਚ ਸੇਵਾ ਕਰਦੇ ਰਹਿੰਦੇ। ਗੁਰੂ ਘਰ ਦੇ ਲੰਗਰਾਂ ਲਈ ਜੰਗਲ 'ਚੋਂ ਲੱਕੜਾਂ ਲਿਆਉਂਦੇ ਤੇ ਲੰਗਰ 'ਚੋਂ ਪ੍ਰਸ਼ਾਦਾ ਛਕ ਲੈਂਦੇ। ਇਕ ਦਿਨ ਗੁਰੂ ਜੀ ਲੰਗਰ ਵਾਲੇ ਪਾਸੇ ਆਏ ਤੇ ਭਾਈ ਮੰਝ ਨਾਲ ਮੇਲ ਹੋ ਗਿਆ। ਪੁੱਛਣ ਤੇ ਦੱਸਿਆ ਕਿ 'ਸੇਵਾ ਕਰਕੇ, ਲੰਗਰ ਵਿਚੋਂ ਹੀ ਪ੍ਰਸ਼ਾਦਾ ਛਕ ਲੈਂਦਾ ਹਾਂ।' ਗੁਰੂ ਜੀ ਕਹ

ਇਹ ਹੈ ਦੁਨੀਆ ਦੀ ਸਭ ਤੋਂ ਮਹਿੰਗੀ ਗਾਂ, 40 ਕਰੋੜ ਰੁਪਏ 'ਚ ਹੋਈ ਨੀਲਾਮ, ਭਾਰਤ ਨਾਲ ਹੈ ਖਾਸ ਸਬੰਧ

ਨਵੀਂ ਦਿੱਲੀ 5 ਅਪ੍ਰੈਲ। ਹਾਲ ਹੀ 'ਚ ਬ੍ਰਾਜ਼ੀਲ 'ਚ ਦੁਨੀਆ ਦੀ ਸਭ ਤੋਂ ਮਹਿੰਗੀ ਗਾਂ ਦੀ ਨੀਲਾਮੀ ਕੀਮਤ ਦੁਨੀਆ ਭਰ 'ਚ ਚਰਚਾ ਦਾ ਵਿਸ਼ਾ ਬਣੀ। ਦਰਅਸਲ ਬ੍ਰਾਜ਼ੀਲ 'ਚ ਜਾਨਵਰਾਂ ਦੀ ਨੀਲਾਮੀ 'ਚ ਨੇਲੋਰ ਗਾਂ 4.8 ਮਿਲੀਅਨ ਡਾਲਰ ਦੀ ਵਿਕੀ। ਇਹ ਕੀਮਤ ਭਾਰਤੀ ਰੁਪਏ 'ਚ ਲਗਭਗ 40 ਕਰੋੜ ਰੁਪਏ ਹੈ। ਇਹ ਗਾਂ ਆਂਧਰਾ ਪ੍ਰਦੇਸ

ਦੇ ਨੇਲੋਰ ਦੀ ਹੈ। ਇਸ ਨੂੰ -19 ਮਾਰਾ ਇਮੋਵਿਸ ਨਾਮ ਨਾਲ ਜਾਣਿਆ ਜਾਂਦਾ ਹੈ। ਇਸ ਨਾਲ ਇਹ ਦੁਨੀਆ ਦੀ ਸਭ ਤੋਂ ਮਹਿੰਗੀ ਕੀਮਤ 'ਤੇ ਵਿਕਣ ਵਾਲੀ ਗਾਂ ਬਣ ਗਈ ਹੈ। ਨਿਲਾਮੀ ਕਰਨ ਵਾਲੇ ਇਕ ਬੁਲਾਰੇ ਨੇ ਟਿੱਪਣੀ ਕੀਤੀ, ਵਿਯਾਟਿਨਾ-19 ਐੱਫ.ਆਈ.ਵੀ. ਮਾਰਾ ਇਮੋਵਿਸ ਦੀ ਵਿਕਰੀ ਪਸ਼ੂਧਨ ਉਦਯੋਗ 'ਚ ਬਿਹਤਰ ਅਨੁਵੰਸ਼ਿਕ ਗੁਣਾਂ ਨੂੰ ਦਿੱਤੇ ਗਏ ਮੁੱਲ ਦਾ ਪ੍ਰਤੀਕ ਹੈ। ਇਹ ਸਿਰਫ ਗਾਂ ਬਾਰੇ ਨਹੀਂ ਹੈ ਇਹ ਉਸ ਦੀ ਵਿਰਾਸਤ ਅਤੇ ਨਸਲ 'ਚ ਭਵਿੱਖ ਦੀ ਤਰੱਕੀ ਦੀ ਸੰਭਾਵਨਾ ਬਾਰੇ ਹੈ। ਬ੍ਰਾਜ਼ੀਲ ਦੀ ਨੇਲੋਰ ਗਾਂ ਦਾ ਸਬੰਧ ਭਾਰਤ ਦੇ ਆਂਧਰਾ ਪ੍ਰਦੇਸ਼ ਦੇ ਨੇਲੋਰ ਜ਼ਿਲ੍ਹੇ ਨਾਲ ਹੈ। ਨੇਲੋਰ ਜ਼ਿਲ੍ਹੇ ਦੇ ਨਾਂ 'ਤੇ ਇਸ ਨਸਲ ਦਾ ਨਾਂ ਰੱਖਿਆ ਗਿਆ ਹੈ। ਇਸ ਨਸਲ ਦਾ ਵਿਗਿਆਨਕ ਨਾਂ ਬੋਸ ਇੰਡਿਕਸ ਹੈ। ਇਹ ਭਾਰਤ ਦੇ ਓਂਗੋਲ ਪਸ਼ੂਆਂ ਦੀ ਵੰਸਜ ਹੈ, ਜੋ ਆਪਣੀ ਤਾਕਤ ਲਈ ਜਾਣੀ ਜਾਂਦੀ ਹੈ। ਖਾਸ ਗੱਲ ਇਹ ਹੈ ਕਿ ਇਹ ਵਾਤਾਵਰਨ ਦੇ ਮੁਤਾਬਕ ਆਪਣੇ ਆਪ ਨੂੰ ਢਾਲ ਲੈਂਦੀ ਹੈ। ਇਸ ਪ੍ਰਜਾਤੀ ਨੂੰ ਪਹਿਲੀ ਵਾਰ 1868 ਵਿੱਚ ਜਹਾਜ ਰਾਹੀਂ ਬ੍ਰਾਜ਼ੀਲ ਭੇਜਿਆ ਗਿਆ ਸੀ। 1960 ਦੇ ਦਹਾਕੇ ਵਿੱਚ ਕਈ ਹੋਰ ਗਾਵਾਂ ਨੂੰ ਇੱਥੇ ਲਿਜਾਇਆ ਗਿਆ ਸੀ। ਨੇਲੋਰ ਗਾਵਾਂ ਆਪਣੇ ਸਫੇਦ ਫਰ ਤੇ ਕੂਬੜ ਲਈ ਪ੍ਰਸਿੱਧ ਹਨ। ਨੈਲੋਰ ਨਸਲ ਦੀਆਂ ਗਾਵਾਂ ਉੱਚ ਤਾਪਮਾਨ ਵਿਚ ਵੀ ਆਸਾਨੀ ਨਾਲ ਐਡਜਸਟ ਕਰ ਲੈਂਦੀਆਂ ਹਨ, ਜਿਸ ਵਿਚ ਸਫੇਦ ਫਰ ਵੱਡੀ ਭੂਮਿਕਾ ਨਿਭਾਉਂਦੇ ਹਨ। ਦਰਅਸਲ ਉਨ੍ਹਾਂ ਦੀ ਫਰ ਸੂਰਜ ਦੀ ਰੌਸਨੀ ਨੂੰ ਰਿਫਲੈਕਟ ਕਰਦੇ ਹਨ, ਜਿਸ ਕਾਰਨ ਉਨ੍ਹਾਂ ਨੂੰ ਗਰਮੀ ਨਹੀਂ ਲੱਗਦੀ। ਇਨ੍ਹਾਂ ਦੀਆਂ ਪਸੀਨੇ ਦੀਆਂ ਗ੍ਰੰਥੀਆਂ ਜ਼ਿਆਦਾਤਰ ਯੂਰਪੀ ਗਾਵਾਂ ਦੀਆਂ ਨਸਲਾਂ ਦੀ ਤੁਲਨਾ 'ਚ ਦੁੱਗਣੀ ਵੱਡੀਆਂ ਅਤੇ ਗਿਣਤੀ 'ਚ 30 ਫੀਸਦੀ ਵੱਧ ਹੁੰਦੀਆਂ ਹਨ। ਨੇਲੋਰ ਗਾਂ ਦੀ ਸਖਤ ਚਮੜੀ ਕਾਰਣ ਖੂਨ ਚੂਸਣ ਵਾਲੇ ਕੀੜੇ ਵੀ ਕੁਝ ਨਹੀਂ ਵਿਗਾੜ ਸਕਦੇ।

'ਹੰਸ' ਤੇ 'ਅਨਮੋਲ' ਦੇ ਮੁਕਾਬਲੇ 'ਤੇ ਫਰੀਦਕੋਟ ਤੋਂ ਇਸ ਵੱਡੇ ਗਾਇਕ ਨੂੰ ਉਤਾਰਨ ਦੀ ਤਿਆਰੀ 'ਚ ਕਾਂਗਰਸ

ਕਿਸ਼ਨ ਪਾਲ

ਮੋਗਾ 5 ਅਪ੍ਰੈਲ। ਦੇਸ਼ ਭਰ ਵਿਚ ਹੋ ਰਹੀਆਂ ਲੋਕ ਸਭਾ ਚੋਣਾਂ ਨੂੰ ਲੈ ਕੇ ਜਿੱਥੇ ਸਿਆਸੀ ਅਖਾੜਾ ਭਖਿਆ ਪਿਆ ਹੈ, ਉੱਥੇ ਹੀ ਮਾਲਵਾ ਖਿੱਤੇ ਦੀ ਬਹੁਚਰਚਿਤ ਫਰੀਦਕੋਟ ਸੰਸਦੀ ਸੀਟ 'ਤੇ ਮੁਕਾਬਲਾ ਹਲਕੇ ਤੋਂ ਬਾਹਰਲੇ ਵੱਡੇ ਸਲੈਬ੍ਰਿਟੀ ਚਿਹਰੇ ਆਮ ਆਦਮੀ ਪਾਰਟੀ ਅਤੇ ਭਾਜਪਾ ਵਲੋਂ ਉਤਾਰਨ ਮਗਰੋਂ ਹਲਕੇ ਦੀ ਸਿਆਸੀ ਤਸਵੀਰ ਇਕਦਮ ਬਦਲਣ ਲੱਗੀ ਹੈ। ਆਮ ਆਦਮੀ ਪਾਰਟੀ ਵਲੋਂ ਪਹਿਲਕਦਮੀ ਕਰਦੇ ਹੋਏ ਫਿਲਮੀ ਸਿਤਾਰੇ ਕਰਮਜੀਤ ਅਨਮੋਲ ਨੂੰ ਚੋਣ ਪਿੜ ਵਿਚ ਕਾਫ਼ੀ ਦਿਨ ਪਹਿਲਾਂ ਉਤਾਰ ਦਿੱਤਾ ਸੀ, ਜਿਨ੍ਹਾਂ ਵਲੋਂ ਹਲਕੇ ਵਿਚ ਰੋਡ ਸ਼ੋਅ ਕਰਨ ਮਗਰੋਂ ਆਪਣੀ ਚੋਣ ਮੁਹਿੰਮ ਨੂੰ ਯੋਜਨਾਬੰਦ ਤਰੀਕੇ ਨਾਲ ਚਲਾਇਆ ਜਾ ਰਿਹਾ ਹੈ। ਫਰੀਦਕੋਟ ਸੰਸਦੀ ਸੀਟ ਦੇ 9 ਵਿਧਾਨ ਸਭਾ ਹਲਕਿਆਂ ਵਿਚ ਪਹਿਲਾਂ ਪਾਰਟੀ ਦੇ ਪੁਰਾਣੇ ਵਾਲੰਟੀਅਰਾਂ ਅਤੇ ਵਿਧਾਇਕਾਂ ਨਾਲ ਤਾਲਮੇਲ ਬਣਾਉਣ ਮਗਰੋਂ ਅਨਮੋਲ ਹੁਣ ਪਿੰਡੋ-ਪਿੰਡ ਮੁਹਿੰਮ ਨੂੰ ਅੱਗੇ ਵਧਾਉਣ ਲੱਗੇ ਹਨ। ਅਨਮੋਲ ਨੂੰ ਤਕੜੀ ਟੱਕਰ ਦੇਣ ਲਈ ਭਾਰਤੀ ਜਨਤਾ ਪਾਰਟੀ ਦੇ ਸੁਰਾਂ ਦੇ ਸੌਦਾਗਰ ਅਤੇ ਦਿੱਲੀ ਤੋਂ ਲੋਕ ਸਭਾ ਮੈਂਬਰ ਹੰਸ ਰਾਜ ਹੰਸ ਨੂੰ ਚੋਣ ਪਿੱਜ਼ ਵਿਚ ਉਤਾਰ ਦਿੱਤਾ ਹੈ। ਦੋ ਦਿਨ ਪਹਿਲਾਂ ਉਨ੍ਹਾਂ ਦੀ ਉਮੀਦਵਾਰੀ ਦਾ ਐਲਾਨ ਹੋਣ ਮਗਰੋਂ ਇਸ ਹਲਕੇ ਵਿਚ ਨਵੀਂ ਤਰ੍ਹਾਂ ਦੀ ਰਾਜਨੀਤਕ ਚਰਚਾ ਚੱਲ ਪਈ ਹੈ। ਦੋਵੇਂ ਵੱਡੇ ਚਿਹਰੇ ਭਾਵੇਂ ਹਲਕੇ ਤੋਂ ਬਾਹਰੀ ਹਨ, ਪਰੰਤੂ ਉਨ੍ਹਾਂ ਦਾ ਗਾਇਕੀ ਅਤੇ ਫ਼ਿਲਮੀ ਖ਼ੇਤਰਾਂ ਵਿਚ ਵੱਡਾ ਨਾਂ ਹੀ ਹਰ ਕਿਸੇ ਲਈ ਪਹਿਚਾਣ ਬਣਿਆ ਹੋਇਆ ਹੈ। ਦੋਵੇਂ ਸਿਆਸੀ ਧਿਰਾਂ ਦੇ ਉਮੀਦਵਾਰ ਵੱਡੇ ਸਲੈਬ੍ਰਿਟੀ ਹੋਣ ਕਰਕੇ ਹੁਣ ਕਾਂਗਰਸ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਵੀ ਇਸ ਹਲਕੇ ਤੋਂ ਉਮੀਦਵਾਰ ਦੀ ਚੋਣ ਲਈ ਕਿਸੇ ਵੱਡੇ ਸਲੈਬ੍ਰਿਟੀ ਜਾਂ ਸਮਾਜਿਕ ਚਰਚਿਤ ਚਿਹਰਿਆਂ ਦੀ ਭਾਲ ਵਿਚ ਜੁਟ

ਗਿਆ ਹੈ। ਕਾਂਗਰਸ ਪਾਰਟੀ ਵਲੋਂ ਇਸ ਹਲਕੇ ਤੋਂ ਸਾਬਕਾ ਵਿਧਾਇਕ ਸੁਖਵਿੰਦਰ ਸਿੰਘ ਡੈਨੀ, ਸਾਬਕਾ ਜ਼ਿਲ੍ਹਾ ਪ੍ਰੀਸ਼ਦ ਚੇਅਰਪਰਸਨ ਬੀਬੀ ਅਮਰਜੀਤ ਕੌਰ ਸਾਹੋਕੇ, ਸਾਬਕਾ ਜ਼ਿਲ੍ਹਾ ਪ੍ਰਧਾਨ ਬੀਬੀ ਜਗਦਰਸ਼ਨ ਕੌਰ, ਸਵਰਨ ਸਿੰਘ ਆਦੀਵਾਲ ਅਤੇ ਪ੍ਰਮਿੰਦਰ ਸਿੰਘ ਡਿੰਪਲ ਸਮੇਤ ਹੋਰ ਦਾਅਵੇਦਾਰ ਹਨ, ਪਰੰਤੂ 'ਜਗ ਬਾਣੀ' ਨੂੰ ਅਤਿ ਭਰੋਸੇਯੋਗ ਸੂਤਰਾਂ ਤੋਂ ਜਿਹੜੀ ਜਾਣਕਾਰੀ ਮਿਲੀ ਹੈ, ਉਸ ਵਿਚ ਇਹ ਪੁਸ਼ਟੀ ਹੋਈ ਹੈ ਕਿ ਕਾਂਗਰਸ ਪਾਰਟੀ ਵਲੋਂ ਮੇਲਿਆਂ ਦੇ ਬਾਦਸ਼ਾਹ ਲਾਭ ਹੀਰਾ ਨੂੰ ਵੀ ਚੋਣ ਪਿੜ ਵਿਚ ਉਤਾਰਨ ਦੀ ਤਿਆਰੀ ਕੀਤੀ ਜਾ ਰਹੀ ਹੈ। ਗਾਇਕ ਲਾਭ ਹੀਰੇ ਦੇ ਨੇੜਲੇ ਸੂਤਰਾਂ ਨੇ ਵੀ ਇਸ ਗੱਲ ਦੀ ਗਵਾਹੀ ਭਰੀ ਹੈ ਕਿ ਲਾਭ ਹੀਰੇ ਤੱਕ ਕਾਂਗਰਸ ਦੇ ਕੁੱਝ ਆਗੂਆਂ ਨੇ ਪਹੁੰਚ ਕੀਤੀ ਹੈ ਪਰ ਅਜੇ ਇਹ ਗਾਇਕ 'ਜੱਕੋ-ਤੱਕੀ' ਵਿਚ ਹੈ। ਪਿਛਲੇ ਤਿੰਨ ਦਹਾਕਿਆਂ ਤੋਂ ਮਾਲਵਾ ਖਿੱਤੇ ਦੇ ਮੇਲਿਆਂ ਦੇ ਮਾਣ ਲਾਭ ਹੀਰੇ ਦੀ ਗਾਇਕੀ ਦੀ ਜਦੋਂ ਮਰਹੂਮ ਸਿੱਧੂ ਮੂਸੇਵਾਲਾ ਨੇ ਤਾਰੀਫ ਕੀਤੀ ਸੀ ਤਾਂ ਮੁੜ ਇਹ ਗਾਇਕ ਚਰਚਾ ਵਿਚ ਆ ਗਿਆ ਸੀ ਅਤੇ ਅੱਜ ਕੱਲ ਫ਼ਿਰ ਇਸ ਗਾਇਕ ਦੀ 'ਤੂਤੀ' ਬੋਲਦੀ ਹੈ। ਜੇਕਰ ਕਾਂਗਰਸ ਅਤੇ ਅਕਾਲੀ ਦਲ ਨੇ ਵੀ ਇਸ ਤਰ੍ਹਾਂ ਦੇ ਚਿਹਰਿਆਂ ਨੂੰ ਚੋਣ ਮੈਦਾਨ ਵਿਚ ਉਤਾਰਿਆਂ ਤਾਂ ਫਰੀਦਕੋਟ ਹਲਕੇ ਵਿਚ ਮੁਕਾਬਲਾ ਰੌਚਕ ਬਣ ਜਾਵੇਗਾ। 2012 ਦੀਆਂ ਵਿਧਾਨ ਸਭਾ ਚੋਣਾਂ ਵਿਚ ਭਦੌੜ ਹਲਕੇ ਤੋਂ ਵਿਧਾਇਕ ਬਣੇ ਗਾਇਕ ਮਹੁੰਮਦ ਸਦੀਕ 2017 ਵਿਚ ਚੋਣ ਹਾਰ ਗਏ ਸਨ, ਪਰੰਤੂ 2019 ਵਿਚ ਜਦੋਂ ਉਨ੍ਹਾਂ ਨੂੰ ਫਰੀਦਕੋਟ ਤੋਂ ਲੋਕ ਸਭਾ ਲਈ ਚੋਣ ਮੈਦਾਨ ਵਿਚ ਉਤਾਰਿਆ ਗਿਆ ਤਾਂ ਉਨ੍ਹਾਂ ਦੀ ਜਿੱਤ ਚੋਣ ਨਤੀਜੇ ਤੋਂ ਪਹਿਲਾ ਹੀ ਪੱਕੀ ਲੱਗਣ ਲੱਗ ਪਈ ਸੀ ਕਿਉਂਕਿ ਉਨ੍ਹਾਂ ਦੇ ਹੱਕ ਵਿਚ ਕੇਵਲ ਕਾਂਗਰਸ ਪਾਰਟੀ ਨਾਲ ਸਬੰਧਿਤ ਲੋਕ ਨਹੀਂ ਸਗੋਂ ਆਮ ਲੋਕਾਂ ਨੇ ਵੀ ਇਕ ਲਹਿਰ ਖੜ੍ਹੀ ਕਰ ਦਿੱਤੀ ਸੀ। ਭਾਵੇਂ ਸਦੀਕ ਹੁਣ ਵੀ ਟਿਕਟ ਦੇ ਦਾਅਵੇਦਾਰ ਹਨ, ਪਰੰਤੂ ਫਰੀਦਕੋਟ ਦੇ ਸਿਰਕੱਢ ਕਾਂਗਰਸੀ ਆਗੂਆਂ ਦੇ ਸਿੱਧੇ ਵਿਰੋਧ ਕਰਕੇ ਉਨ੍ਹਾਂ ਦੀ ਦਾਅਵੇਦਾਰੀ ਕਮਜੋਰ ਬਣ ਰਹੀ ਹੈ।

35 ਸਾਲ ਬਾਅਦ ਗ੍ਰਿਫ਼ਤਾਰ ਹੋਇਆ ਕਤਲ ਦੇ ਮਾਮਲੇ 'ਚ ਫਰਾਰ ਦੋਸ਼ੀ

ਪਾਲਘਰ 5 ਅਪ੍ਰੈਲ। ਕਤਲ ਦੇ ਮਾਮਲੇ 'ਚ 35 ਸਾਲਾਂ ਤੋਂ ਵਧ ਸਮੇਂ ਤੋਂ ਫਰਾਰ ਦੋਸ਼ੀ ਨੂੰ ਮਹਾਰਾਸ਼ਟਰ ਦੇ ਪਾਲਘਰ ਜ਼ਿਲ੍ਹੇ ਤੋਂ ਗ੍ਰਿਫਤਾਰ ਕੀਤਾ ਗਿਆ ਹੈ। ਇਕ ਅਧਿਕਾਰੀ ਨੇ ਬੁੱਧਵਾਰ ਨੂੰ ਇਹ ਜਾਣਕਾਰੀ ਦਿੱਤੀ। ਮਾਨਿਕਪੁਰ ਪੁਲਸ ਥਾਣੇ ਦੇ ਸੀਨੀਅਰ ਰਾਜੂ ਮਾਨੇ ਨੇ ਦੱਸਿਆ ਕਿ 30 ਨਵੰਬਰ 1988 ਨੂੰ ਸਲੀਮ ਅਕਬਰ ਅਲੀ (24) ਦੀ ਪਾਲਘਰ ਜ਼ਿਲ੍ਹੇ ਦੇ ਵਸਈ ਇਲਾਕੇ ਦੇ ਨਵਘਰ 'ਚ ਕੁਝ ਲੋਕਾਂ ਨੇ ਮਿਲ ਕੇ ਕਤਲ ਕਰ ਦਿੱਤਾ ਸੀ। ਉਨ੍ਹਾਂ ਦੱਸਿਆ ਕਿ ਇਸ ਮਾਮਲੇ 'ਚ ਭਾਰਤੀ ਦੰਡਾਵਲੀ ਦੀ ਧਾਰਾ 302 (ਕਤਲ) ਅਤੇ 34 (ਸਾਂਝੀ ਮੰਸ਼ਾ) ਦੇ ਅਧੀਨ 8 ਲੋਕਾਂ ਵਿਜੇ ਸੁਦਾਮ ਰਾਣੇ, ਸ਼ੰਕਰ ਬਾਗਲੀ ਮਖਾਨ, ਧਰਮ ਧਰਮੋਂਦਰ, ਸ਼ੇਖਰ ਪੁਜਾਰੀ, ਚੰਦਰਸ਼ੇਖਰ ਸ਼ੈੱਟੀ, ਕੁਮਾਰ ਹੋਦੇ, ਧਨੰਜਯ ਬੇਲੂਰ ਅਤੇ ਕਲਾਮੈਂਟ ਸਿਮੋਨ ਲੋਬੋ ਉਰਫ ਮੁੰਨਾ ਖ਼ਿਲਾਫ ਐੱਫ.ਆਈ.ਆਰ. ਦਰਜ ਕੀਤੀ ਗਈ ਸੀ। ਅਧਿਕਾਰੀ ਨੇ ਦੱਸਿਆ ਕਿ ਬੇਲੂਰ ਅਤੇ ਲੋਬੋ ਨੂੰ ਛੱਡ ਬਾਕੀ ਦੋਸ਼ੀਆਂ ਨੂੰ 1988 'ਚ ਹੀ ਗ੍ਰਿਫਤਾਰ ਕਰ ਲਿਆ ਗਿਆ ਸੀ। ਉਨ੍ਹਾਂ ਦੱਸਿਆ ਕਿ ਲੋਬੋ ਬਹਿਰੀਨ ਦੌੜ ਗਿਆ ਸੀ ਅਤੇ ਤਿੰਨ ਸਾਲ ਪਹਿਲਾਂ ਭਾਰਤ ਪਰਤਿਆ ਸੀ। ਅਧਿਕਾਰੀ ਨੇ ਦੱਸਿਆ ਕਿ ਪੁਲਸ ਨੇ ਖੁਫੀਆ ਜਾਣਕਾਰੀ ਦੇ ਆਧਾਰ 'ਤੇ ਦੋਸ਼ੀ ਦੇ ਟਿਕਾਣੇ ਦਾ ਪਤਾ ਲਗਾਇਆ। ਉਨ੍ਹਾਂ ਕਿਹਾ ਕਿ ਪੁਲਸ ਨੂੰ ਹਾਲ 'ਚ ਜਾਣਕਾਰੀ ਮਿਲੀ ਕਿ ਲੋਬੋ (55) ਭਾਰਤ ਆਇਆ ਹੈ ਅਤੇ ਵਸਈ ਸ਼ਹਿਰ ਦੇ ਮਾਨਿਕਪੁਰ 'ਚ ਰਹਿ ਰਿਹਾ ਹੈ। ਅਧਿਕਾਰੀ ਨੇ ਦੱਸਿਆ ਕਿ ਪੁਲਸ ਨੇ ਲੋਬੋ ਨੂੰ ਸੋਮਵਾਰ ਨੂੰ ਉਸ ਦੇ ਘਰੋਂ ਫੜਿਆ, ਜਿੱਥੇ ਉਹ ਲੁੱਕ ਕੇ ਰਹਿ ਰਿਹਾ ਸੀ। ਉਨ੍ਹਾਂ ਦੱਸਿਆ ਕਿ ਬੇਲੂਰ ਨੂੰ ਫੜਨ ਦੀ ਅਜੇ ਵੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਗਰਮੀਆਂ ਦਾ ਸੀਜਨ ਸ਼ੁਰੂ ਹੁੰਦੇ ਹੀ ਵਧਣ ਲੱਗਾ ਬੀਮਾਰੀਆਂ ਦਾ ਖਤਰਾ, ਸਿਹਤ ਵਿਭਾਗ ਨੇ ਜਾਰੀ ਕੀਤਾ ਅਲਰਟ

ਅੰਬਾਲਾ 5 ਅਪ੍ਰੈਲ। ਗਰਮੀਆਂ ਦਾ ਸੀਜਨ ਸ਼ੁਰੂ ਹੁੰਦੇ ਹੀ ਸੀਜਨਲ ਬੀਮਾਰੀਆਂ ਦਾ ਖਤਰਾ ਵੀ ਵਧ ਗਿਆ ਹੈ। ਡੇਂਗੂ, ਮਲੇਰੀਆ ਚਿੰਤਾ ਨਾ ਬਣੇ ਇਸਨੂੰ ਲੈ ਕੇ ਸਿਹਤ ਵਿਭਾਗ ਨੇ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ ਅਤੇ ਲੋਕਾਂ ਨੂੰ ਵੀ ਸਾਵਧਾਨ ਰਹਿਣ ਦੀ ਅਪੀਲ ਕੀਤੀ ਹੈ। ਇਸ ਵਾਰ ਜਾਗਰੂਕਤਾ ਨੂੰ ਲੈ ਕੇ ਵਿਭਾਗ ਲਾਈਟਿੰਗ ਵਾਲੇ ਡਿਸਪਲੇਅ ਬੋਰਡ ਲਗਾ ਰਿਹਾ ਹੈ। ਜਿਸ 'ਤੇ ਡੇਂਗੂ ਦੇ ਲੱਛਣ ਅਤੇ ਬਚਾਅ ਬਾਰੇ ਜਾਣਕਾਰੀ ਦਿੱਤੀ ਜਾ ਰਹੀ ਹੈ। ਹੁਣ ਤਕ ਕਰੀਬ 50 ਬੋਰਡ ਵਿਭਾਗ ਦੇ ਕੋਲ ਬਣ ਕੇ ਤਿਆਰ ਪਏ ਹਨ। ਇਹ ਬੋਰਡ ਜ਼ਿਲ੍ਹੇ ਦੇ ਸਾਰੇ ਸਿਹਤ ਕੇਂਦਰਾਂ 'ਤੇ ਲਗਾਏ ਜਾ ਰਹੇ ਹਨ। ਪ੍ਰਾਇਮਰੀ ਪੱਧਰ 'ਤੇ ਸੀ.ਐੱਚ.ਸੀ. ਅਤੇ ਪੀ.ਐੱਚ.ਸੀ. ਤੋਂ ਇਨ੍ਹਾਂ ਬੋਰਡਾਂ ਦੀ ਸਥਾਪਨਾ ਸ਼ੁਰੂ ਕੀਤੀ ਜਾ ਰਹੀ ਹੈ। ਇਸ ਤੋਂ ਬਾਅਦ ਜ਼ਿਲ੍ਹੇ ਦੇ ਸਾਰੇ ਸਿਹਤ ਕੇਂਦਰਾਂ ਵਿੱਚ ਇੱਕ ਤੋਂ ਬਾਅਦ ਇੱਕ ਇਹ ਬੋਰਡ ਲਗਾਏ ਜਾਣਗੇ। ਦੂਜੇ ਪਾਸੇ ਡੇਂਗੂ ਅਤੇ ਮਲੇਰੀਆ ਨੂੰ ਦੇਖਦਿਆਂ ਵਿਭਾਗ ਨੇ ਵੀ ਸੈਂਪਲਿੰਗ ਸ਼ੁਰੂ ਕਰ ਦਿੱਤੀ ਹੈ। ਜ਼ਿਲ੍ਹਾ ਸਿਹਤ ਵਿਭਾਗ ਅਨੁਸਾਰ ਇਸ ਸਾਲ ਹੁਣ ਤੱਕ 200 ਦੇ ਕਰੀਬ ਰੈਪਿਡ ਟੈਸਟ ਅਤੇ 300 ਦੇ ਕਰੀਬ ਡੇਂਗੂ-ਮਲੇਰੀਆ ਦੇ ਟੈਸਟ ਕੀਤੇ ਜਾ ਚੁੱਕੇ ਹਨ। ਇਨ੍ਹਾਂ ਟੈਸਟਾਂ ਦੀਆਂ ਰਿਪੋਰਟਾਂ 24 ਘੰਟਿਆਂ ਵਿੱਚ ਉਪਲੱਬਧ ਕਰਵਾਈਆਂ ਜਾ ਰਹੀਆਂ ਹਨ। ਹਾਲਾਂਕਿ ਇਸ ਸਾਲ ਹੁਣ ਤੱਕ ਡੇਂਗੂ-ਮਲੇਰੀਆ ਦਾ ਕੋਈ ਮਾਮਲਾ ਸਾਹਮਣੇ ਨਹੀਂ ਆਇਆ ਹੈ। ਸਿਹਤ ਵਿਭਾਗ ਦਾ ਕਹਿਣਾ ਹੈ ਕਿ ਲੋਕ ਆਪਣੇ ਆਪ ਨੂੰ ਢੱਕ ਕੇ ਰੱਖਣ ਅਤੇ ਨੇੜੇ-ਤੇੜੇ ਪਾਣੀ ਇਕੱਠਾ ਨਾ ਹੋਣ ਦੇਣ। ਫੌਗਿੰਗ ਨੂੰ ਲੈ ਕੇ ਇਹ ਫੈਸਲਾ ਹੋਣਾ ਬਾਕੀ ਹੈ ਕਿ ਇਹ ਦਵਾਈ ਸਿਹਤ ਵਿਭਾਗ ਖਰੀਦੇਗੀ ਜਾਂ ਨਿਗਮ।

ਸੂਬਾ ਵਾਸੀਆਂ ਲਈ ਵੱਡੀ ਖੁਸ਼ਖਬਰੀ, ਪੰਜਾਬ ਦਾ ਇਹ ਬੇਹੱਦ ਰੁੱਝਾ ਰਹਿਣ ਵਾਲਾ ਟੋਲ ਪਲਾਜਾ ਹੋਇਆ ਬੰਦ

ਏਜੰਸੀਆਂ

ਮੁੱਲਾਂਪੁਰ ਦਾਖਾ 5 ਅਪ੍ਰੈਲ। ਮੁੱਲਾਂਪੁਰ ਰਾਏਕੋਟ ਰੋਡ 'ਤੇ ਲੱਗਿਆ ਰਕਬਾ ਵਿਖੇ ਟੋਲ ਪਲਾਜਾ ਅੱਜ ਆਪਣੀ ਮਿਆਦ ਪੂਰੀ ਹੋਣ 'ਤੇ ਬੰਦ ਹੋ ਗਿਆ ਅਤੇ ਸਵੇਰੇ 8 ਵਜੇ ਤੋਂ 4 ਵਜੇ ਦੀ ਸ਼ਿਫਟ ਲਗਾ ਕੇ ਇਹ ਟੋਲ ਪਲਾਜਾ ਪੂਰੇ 4 ਵਜੇ ਬੰਦ ਕਰ ਦਿੱਤਾ ਗਿਆ ਅਤੇ ਇਸ ਟੋਲ ਪਲਾਜੇ ਨੂੰ ਪੀ.ਡਬਲਿਯੂ.ਡੀ ਦੇ ਹਵਾਲੇ ਕਰ ਦਿੱਤਾ ਹੈ ਜਿਸ ਕਰਕੇ ਰਾਹਗਿਰ ਹੁਣ ਬਾਗੋਬਾਗ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਇਹ ਟੋਲ ਪਲਾਜਾ 15 ਮਈ 2009 ਨੂੰ ਆਰੰਭ ਹੋਇਆ ਸੀ ਅਤੇ ਇਸ ਦੀ ਮਿਆਦ 5 ਅਪ੍ਰੈਲ 2024 ਤੱਕ ਰੱਖੀ ਗਈ ਸੀ। ਦੇਸ ਵਿਚ ਲੌਕਡਾਊਨ ਹੋਣ ਕਾਰਨ ਟੋਲ ਪਲਾਜਾ 464 ਦਿਨ ਬੰਦ ਰਿਹਾ ਸੀ। ਉਨ੍ਹਾਂ ਦਿਨਾਂ ਦੇ ਬੰਦ ਨੂੰ ਲੈ ਕੇ ਰੋਹਨ ਰਾਜਦੀਪ ਕੰਪਨੀ ਨੇ ਪੰਜਾਬ ਸਰਕਾਰ ਕੋਲ ਟੋਲ ਪਲਾਜਾ ਉਨੇ ਦਿਨ ਵਧਾਉਣ ਦੀ ਫਰਿਆਦ ਕੀਤੀ ਸੀ ਪਰ ਪੰਜਾਬ ਸਰਕਾਰ ਨੇ ਉਨ੍ਹਾਂ ਦੀ ਇਸ ਤਜਵੀਜ ਨੂੰ ਰੱਦ ਕਰਦਿਆਂ ਰੱਖੀ ਮਿਆਦ 'ਤੇ ਟੋਲ ਪਲਾਜਾ ਬੰਦ ਕਰਨ ਦੇ ਆਦੇਸ ਜਾਰੀ ਕਰ ਦਿੱਤੇ ਸਨ। ਟੋਲ ਪਲਾਜਾ ਦੇ ਮੈਨੇਜਰ ਯੋਗੇਸ, ਏ.ਟੀ.ਐਮ ਹਰਵਿੰਦਰ ਸਿੰਘ ਨੇਰਕਰ ਅਤੇ ਐੱਨ.ਡੀ ਤਿਵਾੜੀ ਨੇ ਦੱਸਿਆ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਦੀ ਪਾਲਣਾ

ਕਰਦਿਆਂ ਅੱਜ 5 ਅਪ੍ਰੈਲ ਨੂੰ ਸਾਮ 4 ਵਜੇ ਟੋਲ ਪਲਾਜਾ ਬਿਲਕੁਲ ਫਰੀ ਕਰਕੇ ਭਾਵ ਬੰਦ ਕਰਕੇ ਪੀ.ਡਬਲਿਯੂ.ਡੀ. ਵਿਭਾਗ ਨੂੰ ਸੌਂਪ ਦਿੱਤਾ ਗਿਆ। ਉਨ੍ਹਾਂ ਦੱਸਿਆ ਕਿ ਇਸ ਟੋਲ ਪਲਾਜੇ ਦੇ ਬੰਦ ਹੋਣ ਨਾਲ ਕਰੀਬ 43 ਮੁਲਾਜਮ ਬੇਰੋਜਗਾਰ ਹੋ ਗਏ ਹਨ ਜਿਨ੍ਹਾਂ ਵਿਚ ਜ਼ਿਆਦਾ ਮੁਲਾਜਮ ਪੰਜਾਬ ਦੇ ਸਨ ਅਤੇ ਇਨ੍ਹਾਂ ਵਿਚ ਪੰਜ ਮਹਿਲਾਂ ਮੁਲਾਜਮ ਵੀ ਸਾਮਿਲ ਹਨ। ਪੀ.ਡਬਲਿਯੂ.ਡੀ ਦੇ ਜੂਨੀਅਰ ਇੰਜੀਨੀਅਰ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਅੱਜ ਸਾਮ